*ਸੰਪਾਦਕੀ*

# ਫਿਰਕੂ ਸਦਭਾਵਨਾ ਲਈ ਕਲਾ ਅਤੇ ਖੇਡਾਂ ਦਾ ਮਹੱਤਵ

ਵਿਸ਼ਵ ਦੇ ਕਿਸੇ ਵੀ ਖਿੱਤੇ ਨੂੰ ਲੈ ਲਓ, ਵਿਭਿੰਨ ਜਾਤੀਆਂ ਦੇ ਲੋਕ ਰੂ-ਬ-ਰੂ ਹੋ ਜਾਣਗੇ। ਇਹਨਾਂ ਲੋਕਾਂ ਦੇ ਸਭਿਆਚਾਰਾਂ ਵਿੱਚ ਢੇਰ ਸਾਰੀ ਭਿੰਨਤਾ ਪਾਈ ਜਾਂਦੀ ਹੈ। ਪਿਛੋਕੜ ਦੀ ਇਕਸੁਰਤਾ ਨਹੀਂ ਹੈ। ਉਹਨਾਂ ਦੇ ਘਰਾਂ ਵਿੱਚ ਅਲੱਗ ਭਾਂਤ ਦੀਆਂ ਬੋਲੀਆਂ ਸੁਣਨ ਨੂੰ ਮਿਲਦੀਆਂ ਹਨ, ਉਹਨਾਂ ਦੇ ਧਾਰਮਿਕ ਵਿਸ਼ਵਾਸ ਆਪਸ ਵਿੱਚ ਮੇਲ ਨਹੀਂ ਖਾਂਦੇ। ਤਿੱਥਾਂ ਅਤੇ ਤਿਉਹਾਰ ਅਲੱਗ ਅਲੱਗ ਮੰਚਾਂ ਤੇ ਮਨਾਏ ਜਾਂਦੇ ਹਨ। ਪਰ ਜਦ ਕੌਮੀ ਪੱਧਰ ਤੇ ਪਹਿਚਾਣ ਦੀ ਗੱਲ ਆ ਜਾਵੇ ਤਾਂ ਉਕਤ ਵਿਭਿੰਨ ਧਰਮਾਂ ਜਾਂ ਜਾਤੀਆਂ ਦੇ ਲੋਕ ਇਕ ਜਮਾਤ ਵਿੱਚ ਗਿਣੇ ਜਾਂਦੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਵੇਖਣ ਵਿਚ ਆਇਆ ਹੈ ਕਿ ਇਕ ਦੇਸ਼ ਵਿੱਚ ਵਿਭਿੰਨ ਜਾਤੀਆਂ ਜਾਂ ਧਰਮਾਂ ਦੇ ਲੋਕਾਂ ਨੂੰ ਜੋੜਨ ਦੀ ਬਜਾਏ ਤੋੜਣ ਦਾ ਨਫ਼ਰਤੀ ਕਾਰਾ ਸਿਰ ਚੜ੍ਹ ਕੇ ਬੋਲ ਰਿਹਾ ਹੈ। ਅਜਿਹੇ ਮਾਹੌਲ ਵਿੱਚ ਕੋਈ ਦੇਸ਼ ਵਿਸ਼ਵ ਦਾ ਹਾਣੀ ਨਹੀਂ ਬਣ ਸਕਦਾ, ਵਿਕਸਤ ਦੇਸ਼ ਬਣਨਾ ਬਹੁਤ ਦੂਰ ਦੀ ਗੱਲ ਹੈ। ਕਿਸੇ ਦੇਸ਼ ਦੀ ਖੁਸ਼ਹਾਲੀ/ਵਿਕਾਸ ਦਾ ਅਨੁਮਾਨ ਉਸ ਦੇ ਆਰਥਿਕ ਪੱਧਰ, ਸਿੱਖਿਆ, ਸਿਹਤ, ਤਕਨਾਲੌਜੀ, ਰੁਜ਼ਗਾਰ ਦੇ ਮੌਕੇ ਗਰੀਬੀ ਦੀ ਥਾਂ ਖੁਸ਼ਹਾਲੀ ਆਦਿ ਨੂੰ ਮੁੱਖ ਰੱਖਦੇ ਹੋਏ ਲਾਇਆ ਜਾਂਦਾ ਹੈ।

ਕਿਸੇ ਮੰਚ ਤੇ ਲੋਕਾਂ ਨੂੰ ਸੰਬੋਧਨ ਕਰਨ ਵਾਲਾ ਨੇਤਾ ਜਾਂ ਬੁਲਾਰਾ ਜਦ ਨਿਰਪੱਖਤਾ ਸਹਿਤ ਸਚਾਈ ਪੇਸ਼ ਕਰਨ ਦੀ ਬਜਾਏ ਸਿਆਸਤ ਤੋਂ ਪ੍ਰੇਰਤ ਝੂਠ ਪਰੋਸਦਾ ਹੈ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਦੇਸ਼ ਨੂੰ ਵਿਭਿੰਨ ਖੇਤਰਾਂ ਵਿੱਚ ਪੱਟੜੀ ਤੋਂ ਥੱਲੇ ਲਾਹੁਣ ਦੀਆਂ ਸ਼ਾਤਰ ਚਾਲਾਂ ਹੀ ਹਨ। ਜੇ ਲੋਕ ਇਹਨਾਂ ਝੂਠਾਂ ਨੂੰ ਸੱਚ ਮੰਨ ਲੈਣ ਤਾਂ 'ਰਾਮ ਨਾਮ ਸੱਤ ਹੈ'। ਜੇ ਸਰੋਤਿਆਂ ਦੀ ਹਾਲਤ ਖੂਹ ਦੇ ਡੱਡੂ ਜਿਹੀ ਹੈ ਤਾਂ ਇਸ ਦਾ ਮੁੱਖ ਕਾਰਨ ਚੇਤਨਾ/ਜਾਗਰਤੀ ਦੀ ਅਣਹੋਂਦ ਹੈ। ਜਦ ਸਿਆਸਤ, ਕੁਰਸੀ ਦੀ ਗੁਲਾਮ ਹੋ ਜਾਵੇ ਤਾਂ ਲੋਕਾਂ ਵਿੱਚ ਧਰਮ/ਜਾਤ ਦੀਆਂ ਵੰਡੀਆਂ ਸੌਖਿਆਂ ਹੀ ਪਾਈਆਂ ਜਾਂਦੀਆਂ ਹਨ। ਅਜਿਹੀ ਸਥਿਤੀ ਨਫ਼ਰਤ ਦਾ ਤਾਣਾ ਬਾਣਾ ਬੁਣਦੀ ਹੈ। ਜਲਦੀ ਹੀ ਦੰਗੇ/ਫਸਾਦ ਆਦਿ ਬੁਰੇ ਵਰਤਾਰੇ ਸਾਹਮਣੇ ਆਉਂਦੇ ਹਨ। ਅਜੋਕੇ ਮਨੁੱਖ ਨੂੰ ਮਹਾਰਾਜ ਰਣਜੀਤ ਸਿੰਘ ਦੇ ਸੁਨਹਿਰੀ ਸ਼ਾਸ਼ਨ ਦਾ ਅਧਿਐਨ ਕਰਨਾ ਚਾਹੀਦਾ ਹੈ ਕਿ ਦੇਸ਼ ਪੰਜਾਬ ਵਿੱਚ ਹਿੰਦੂ, ਮੁਸਲਮਾਨ, ਸਿੱਖ ਅਤੇ ਹੋਰ ਫ਼ਿਰਕੇ ਭਾਈਆਂ ਵਾਂਗ ਰਹਿੰਦੇ ਰਹੇ, ਪੂਰੇ 40 ਸਾਲਾਂ ਵਿੱਚ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ।



ਅਸਹਿਣਸ਼ੀਲਤਾ ਦੇ ਦੌਰ ਵਿੱਚ ਅਸਲੀ ਲੇਖਕ ਉਦਾਸ ਹੈ, ਉਸ ਨੇ ਕੋਈ ਰਾਜਸੀ ਕੁਰਸੀ ਪ੍ਰਾਪਤ ਨਹੀਂ ਕਰਨੀ ਹੁੰਦੀ। ਉਸ ਦੀ ਦਿਲੀ ਇੱਛਾ ਹੁੰਦੀ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮਿਲਣ! ਲੋਕ-ਵਿਹਾਰ ਵਿਚ ਨਿਮਰਤਾ, ਸਹਿਣਸ਼ੀਲਤਾ, ਵਿਸ਼ਾਲਤਾ ਅਤੇ ਮਿਲਵਰਤਨ ਡੁੱਲ ਡੁੱਲ ਪੈਂਦਾ ਨਜ਼ਰ ਆਵੇ। ਸਾਹਿਤ ਦੋ ਸ਼ਬਦਾਂ ਸਾ+ਹਿਤ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਸਾਰਿਆਂ ਨਾਲ ਪਿਆਰ। ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਹੱਦਾਂ/ਸਰਹੱਦਾਂ ਤੋਂ ਉਚੀ ਪ੍ਰਵਾਜ਼ ਭਰਦਾ 'ਸਰੱਬਤ ਦਾ ਭਲਾ' ਲੋਚਦਾ ਹੈ। ਫਿਰਕਾਪ੍ਰਸਤੀ ਤੋਂ ਬਚੇ ਲੋਕ ਆਮ ਤੌਰ ਤੇ ਕਿਸੇ ਕਵਿਤਾ, ਕਹਾਣੀ ਜਾਂ ਨਾਟਕ ਆਦਿ ਨੂੰ ਪਹਿਲਾਂ ਪਸੰਦ ਕਰਦੇ ਹਨ, ਬਾਅਦ ਵਿੱਚ ਉਸ ਦੇ ਰਚੇਤਾ ਦਾ ਨਾਂ ਉਹਨਾਂ ਤੱਕ ਪਹੁੰਚਦਾ ਹੈ। ਕਲਾ ਦੇ ਖੇਤਰ ਵਿੱਚ ਸੰਗੀਤ ਦੀਆਂ ਤਰੰਗਾਂ ਮਨੁੱਖੀ ਮਨ ਤੇ ਗਹਿਰਾ ਅਸਰ ਪਾਉਂਦੀਆਂ ਹਨ। ਪਹਿਲਾਂ ਸੰਗੀਤ ਦੀ ਚਰਚਾ ਚਲਦੀ ਹੈ, ਸੰਗੀਤਕਾਰ ਦੇ ਨਾਂ ਦਾ ਪਤਾ ਬਾਅਦ ਵਿੱਚ ਲਗਦਾ ਹੈ।

ਖੇਡਾਂ ਦੇ ਖੇਤਰ ਵਿੱਚ ਇਕ ਦੇਸ਼ ਵਿਚ ਰਹਿਣ ਵਾਲੇ ਵਿਭਿੰਨ ਧਰਮਾਂ ਜਾਂ ਜਾਤੀਆਂ ਦੇ ਲੋਕ ਖੇਡ ਮੁਕਾਬਲਿਆਂ ਦੌਰਾਨ ਆਪਣੇ ਦੇਸ਼ ਦੀ ਟੀਮ ਦਾ ਮਨੋਬਲ ਵਧਾਉਂਦੇ ਹਨ। ਹੁਣੇ ਹੁਣੇ ਸੰਪੰਨ ਹੋਏ ਵਿਸ਼ਵ ਕ੍ਰਿਕਟ ਕੱਪ (2023) ਦੇ ਮੈਚਾਂ ਵਿੱਚ ਮੁਹੰਮਦ ਸ਼ਮੀ ਨੇ ਬਾਕਮਾਲ ਗੇਂਦਬਾਜ਼ੀ ਕੀਤੀ ਤਾਂ ਹਰੇਕ ਭਾਰਤੀ ਨੇ ਸਟੇਡੀਆਮ ਵਿੱਚ ਤਾੜ੍ਹੀਆਂ ਦੀ ਝੜੀ ਲਾ ਦਿੱਤੀ। ਖੇਡਾਂ ਮਿਲਵਰਤਨ, ਸਾਰਥਿਕ ਮੁਕਾਬਲੇਬਾਜ਼ੀ ਅਤੇ ਖੇਡ ਭਾਵਨਾ ਜਿਹੇ ਗੁਣ ਪੈਦਾ ਕਰਦੀਆਂ ਹਨ। ਖੇਡ ਦੇ ਮੈਦਾਨ ਵਿੱਚ ਬਹੁਗਿਣਤੀ ਲੋਕ ਸਿਆਸੀ ਭਾਸ਼ਣ ਦੇ ਮੁਕਾਬਲੇ ਚੰਗੇ ਖਿਡਾਰੀ ਦੀ ਖੇਡ ਕਲਾ ਨੂੰ ਪਹਿਲ ਦਿੰਦੇ ਹਨ, ਜੋ ਵਿਕਸਤ ਮਨ ਦੀ ਨਿਸ਼ਾਨੀ ਹੈ।

ਅਜੋਕੇ ਦੌਰ ਵਿੱਚ ਆਮ ਲੋਕਾਂ ਨੂੰ ਲਾਇਬਰੇਰੀਆਂ ਅਤੇ ਖੇਡਾਂ ਦੇ ਮੈਦਾਨਾਂ ਵੱਲ ਤੋਰਨ ਲਈ ਬਜਟ ਦਾ ਚੋਖਾ ਹਿੱਸਾ ਰੱਖਣਾ ਚਾਹੀਦਾ ਹੈ, ਅਜਿਹੇ ਵਿਚ ਕੋਈ ਦੇਸ਼ ਵੀ ਵਿਕਸਤ ਦੇਸ਼ ਬਣਨ ਵੱਲ ਕਦਮ ਪੁੱਟ ਰਿਹਾ ਹੋਵੇਗਾ।

**ਪ੍ਰੋ. ਸਤਵਿੰਦਰ ਬੇਗੋਵਾਲੀਆ**
**ਸੰਪਰਕ 98154-65620**

◆◆◆

# ਨਾਟਕ

ਨਾਮਵਰ ਨਾਟਕਕਾਰ (ਆਈ.ਸੀ. ਨੰਦਾ ਪੁਰਸਕਾਰ ਵਿਜੇਤਾ) ਪ੍ਰੋ. ਸਤਵਿੰਦਰ ਬੇਗੋਵਾਲੀਆ ਦੇ ਛਪ ਰਹੇ ਨਵੇਂ ਨਾਟਕ 'ਆਰ ਕਿ ਪਾਰ' (ਪੂਰਾ ਨਾਟਕ) ਨੂੰ ਕਿਸ਼ਤਾਂ ਵਿੱਚ ਛਾਪਿਆ ਜਾ ਰਿਹਾ ਹੈ। ਇਸ ਕਿਸ਼ਤ ਵਿੱਚ ਪਹਿਲੇ ਦੋ ਦ੍ਰਿਸ਼ ਪੇਸ਼ ਕਰ ਰਹੇ ਹਾਂ।

ਦਲਜੀਤ ਸਿੰਘ ਰਤਨ, ਕੋਆਰਡੀਨੇਟਰ

–ਅਦਾਰਾ ਰੂਹ ਪੰਜਾਬੀ

## ਆਰ ਕਿ ਪਾਰ (ਪੂਰਾ ਨਾਟਕ)

**ਕਿਸ਼ਤ ਨੰ. 1**

***ਪ੍ਰੋ. ਸਤਵਿੰਦਰ ਬੇਗੋਵਾਲੀਆ***



ਪਾਤਰ

ਸੁਰਜੀਤ ਸਿੰਘ : ਮੈਟ੍ਰਿਕ ਪਾਸ ਕਿਸਾਨ, ਵਿਗਿਆਨਕ ਸੋਚ ਪਰ ਸ਼ਰਾਬ ਪੀਣ ਦੀ ਆਦਤ

ਕਮਲੇਸ਼ ਕੌਰ : ਸੁਰਜੀਤ ਸਿੰਘ ਦੀ ਪਤਨੀ, ਅਨਪੜ੍ਹ ਅੰਧ ਵਿਸ਼ਵਾਸੀ ਔਰਤ

ਮਿਹਰ ਸਿੰਘ : ਸੁਰਜੀਤ ਸਿੰਘ ਦਾ ਵੱਡਾ ਪੁੱਤਰ

ਮੇਜਰ ਸਿੰਘ : ਸੁਰਜੀਤ ਸਿੰਘ ਦਾ ਛੋਟਾ ਪੁੱਤਰ

ਪ੍ਰਕਾਸ਼ ਸਿੰਘ : ਕਮਲੇਸ਼ ਕੌਰ ਦਾ ਵੱਡਾ ਭਰਾ

ਸਾਗਰ : ਸਕੂਲ ਅਧਿਆਪਕ

ਜਗਤ ਸਿੰਘ : ਰਾਜਸੀ ਪਾਰਟੀ ਦਾ ਵਰਕਰ, ਮੁੱਖ ਮੰਤਰੀ ਦੇ ਹਲਕੇ ਵਿੱਚ ਬਲਾਕ ਪ੍ਰਧਾਨ

ਫਕੀਰਾ : ਪਖੰਡੀ ਸਾਧ

ਰਮਨੀਤ ਕੌਰ : ਬੀ.ਏ. ਪਾਸ, ਮੇਜਰ ਸਿੰਘ ਨਾਲ ਵਿਆਹੀ ਗਈ

ਕਰਮਜੀਤ ਕੌਰ : ਰਮਨੀਤ ਕੌਰ ਦਾ ਜਮਾਤੀ ਅਤੇ ਪ੍ਰੇਮੀ ਵੀ

ਜੱਸ : ਮਿਹਰ ਸਿੰਘ ਦਾ ਦੋਸਤ

ਸੱਤੋ : ਸੁਰਜੀਤ ਸਿੰਘ ਦੇ ਘਰ ਨੇੜੇ ਰਹਿੰਦੀ ਔਰਤ, ਉਮਰ 50 ਸਾਲ

ਨੌਜਵਾਨ : ਜਗਤ ਸਿੰਘ ਦਾ ਪੋਤਾ



ਮੁੱਖ ਮੰਤਰੀ, ਪੀ.ਏ. ਅਤੇ ਕੁੱਝ ਕਲਾਕਾਰ

ਦ੍ਰਿਸ਼ ਇੱਕ

(ਖਸਤਾ ਹਾਲਤ ਵਿੱਚ ਸੁਰਜੀਤ ਸਿੰਘ ਦੇ ਘਰ ਦਾ ਇੱਕ ਕੋਨਾ ਨਜ਼ਰ ਆਉਂਦਾ ਹੈ, ਜਿਸ ਦੇ ਵਿਹੜੇ ਵਿੱਚ 55 ਸਾਲ ਦਾ ਜੱਸ ਨਾਂ ਦਾ ਆਦਮੀ ਮੰਜੇ ਤੇ ਬੈਠਾ ਹੈ। ਉਸ ਦੀਆਂ ਨਜ਼ਰਾਂ ਬਾਹਰ ਵੱਲ (ਜਿਵੇਂ ਦਰਵਾਜੇ ਵੱਲ) ਲੱਗੀਆਂ ਹਨ, ਕਿਸੇ ਦਾ ਇੰਤਜ਼ਾਰ ਕਰ ਰਹੀਆਂ ਪ੍ਰਤੀਤ ਹੁੰਦੀਆਂ ਹਨ। ਗੁਆਂਢ ਵਿੱਚ ਰਹਿੰਦੀ ਇੱਕ ਔਰਤ ਸੱਤੋ (ਉਮਰ ਲਗਪਗ 50 ਸਾਲ) ਆਉਂਦੀ ਹੈ।

ਸੱਤੋ : ਸਾਸਰੀ ਕਾਲ ਭਾਅ ਜੀ।

ਜੱਸ : ਸਾਸਰੀ ਕਾਲ ਭੈਣ ਜੀ, ਆਓ ਬੈਠੋ ਕੁਰਸੀ ਤੇ। (ਪੁਰਾਣੀ ਜਿਹੀ ਕੁਰਸੀ ਵੱਲ ਇਸ਼ਾਰਾ ਕਰਦਾ ਹੈ)

ਸੱਤੋ : ਨਹੀਂ ਭਾਅ ਜੀ, ਮੈਂ ਖੜ੍ਹੀ ਹੀ ਠੀਕ ਹਾਂ।

ਜੱਸ : ਇਹ ਕੁਰਸੀ ਕਾਹਦੇ ਲਈ ਏ?

ਸੱਤੋ : ਤੁਸੀਂ ਮੰਜੀ ਤੇ ਬੈਠੇ ਹੋ। ਤੁਹਾਨੂੰ ਡਰ ਨਹੀਂ ਲੱਗਦਾ ਇਸ ਮੰਜੀ ਤੇ ਬੈਠਿਆਂ?

ਜੱਸ : ਡਰ...... ਕਾਹਦਾ ਡਰ?

ਸੱਤੋ : ਤੁਸੀਂ ਇਸ ਘਰ 'ਚੋ ਰਹੋਗੇ?

ਜੱਸ : ਜੇ ਰਹਿਣਾ ਪੈ ਹੀ ਜਾਵੇ ਇਸ ਘਰ ਵਿੱਚ, ਤਾਂ ਕੀ ਫ਼ਰਕ ਪੈਂਦੈ, ਘਰਾਂ ਜਿਹਾ ਘਰ ਹੀ ਏ।

ਸੱਤੋ : ਨਾ ਨਾ, ਘਰਾਂ ਜਿਹਾ ਘਰ ਇਹ? ਮੈਨੂੰ ਤਾਂ ਖੌਫ਼ ਜਿਹਾ ਆਉਂਦੈ ਇਸ ਘਰ ਦੇ ਕੋਲੋਂ ਲੰਘਕੇ ਵੀ।

ਜੱਸ : ਕਾਹਦਾ ਖੌਫ਼?

ਸੱਤੋ : ਜਦ ਰਹੋਗੇ, ਆਪੇ ਪਤਾ ਲੱਗ ਜੂ।

ਜੱਸ : ਕਿਵੇਂ ਦੀਆਂ ਗੱਲਾਂ ਕਰਦੇ ਹੋ ਭੈਣ ਜੀ, ਇਸ ਘਰ 'ਚ ਕੋਈ ਭੂਤ ਰਹਿੰਦਾ ਏ?

ਸੱਤੋ : ਹਾਂ, ਭੂਤ ਵੀ, ਪ੍ਰੇਤ ਵੀ।

ਜੱਸ : ਤੁਸੀਂ ਵੇਖਿਆ ਕੋਈ?

ਸੱਤੋ : ਨਹੀਂ, ਪਰ ਸਾਰੇ ਲੋਕ ਕਹਿੰਦੇ ਨੇ। ਇਸ ਘਰ 'ਚ ਚੌਵੀ ਘੰਟੇ ਭੂਤਾਂ ਦਾ ਪਹਿਰਾ ਰਹਿੰਦੈ। ਸਰਾਪੀਆਂ ਰੂਹਾਂ ਦਾ ਵਾਸਾ ਏ ਇਸ ਘਰ 'ਚ। ਜਿਹੜਾ ਬੰਦਾ ਲੰਘਦਾ ਲੰਘਦਾ ਇਸ ਘਰ ਵੱਲ ਤੱਕ ਲੈਂਦੈ, ਉਹੀ ਬਿਮਾਰ ਹੋ ਕੇ ਮੰਜੇ ਤੇ ਪੈ ਜਾਂਦੈ, ਪੱਕਾ ਈ। ਤੁਸੀਂ ਭੁੱਲ ਕੇ ਵੀ ਇਥੇ ਰਹਿਣ ਦਾ

ਮਨ ਨਾ ਬਣਾਇਉ, ਨਹੀਂ ਤਾਂ....

ਜੱਸ : ਨਹੀਂ ਤਾਂ ਕੀ ਹੋਵੇਗਾ?

ਸੱਤੋ : (ਘਬਰਾ ਕੇ) ਪਤਾ ਨਹੀਂ.... ਕੀ ਕੀ ਹੋਵੇਗਾ... ਬਰਬਾਦੀ, ਬਿਮਾਰੀ, ਮੁਸੀਬਤਾਂ..... ਕੁਝ ਵੀ ਚੰਗਾ ਨਹੀਂ ਹੋਵੇਗਾ।

ਜੱਸ : ਤੁਸੀਂ ਵੀ ਤਾਂ ਅੰਦਰ ਆਏ ਹੀ ਹੋ। ਤੁਹਾਨੂੰ ਕੀ ਹੋਇਆ।

ਸੱਤੋ : ਮੈਂ ਤਾਂ ਆਈ ਹਾਂ ਡਰਦੀ ਡਰਦੀ.... ਤੁਹਾਨੂੰ ਖ਼ਬਰਦਾਰ ਕਰਨ ਲਈ ਕਿ ਇੱਥੇ ਨਾ ਰਹਿਣਾ। ਤਿੰਨ ਚਾਰ ਦਿਨ ਤੋਂ ਤੁਸੀਂ ਇਸ ਘਰ ਦੀ ਮੁਰੰਮਤ ਕਰਵਾ ਰਹੇ ਹੋ।

ਜੱਸ : ਇਸ ਘਰ ਦਾ ਮੂੰਹ ਮੱਥਾ ਸੰਵਾਰਨ ਵਾਲਿਆਂ ਨੂੰ ਕੁਝ ਨਹੀਂ ਹੋਇਆ?

ਸੱਤੋ : ਉਹ ਤਾਂ ਬਾਹਰ ਦੇ ਬੰਦੇ ਸੀ। ਮਿਸਤਰੀ, ਪੇਂਟਰ ਵਗੈਰਾ ਜਿਹਨਾਂ ਪੇਂਟ ਕਰਕੇ ਇਸ ਘਰ ਨੂੰ ਮਾੜਾ ਮੋਟਾ ਚਮਕਾ ਦਿੱਤੈ।

ਜੱਸ : ਉਹਨਾਂ ਨੂੰ ਕੋਈ ਭੂਤ ਨਹੀਂ ਪਿਆ। ਤੁਸੀਂ ਕੁਰਸੀ ਤੇ ਨਹੀਂ ਬੈਠੇ। ਕੁਰਸੀ ਵਿੱਚ ਕੋਈ ਭੂਤ ਆ ਗਿਐ। ਮੈਂ ਬੈਠਦਾ ਹਾਂ (ਉਠ ਕੇ ਕੁਰਸੀ ਤੇ ਬੈਠ ਜਾਂਦਾ ਹੈ) ਤੁਸੀਂ ਮੰਜੀ 'ਤੇ ਬੈਠ ਜਾਓ।

ਸੱਤੋ : (ਡਰਦੀ ਡਰਦੀ) ਮੈਂ? (ਡਰਦੀ ਡਰਦੀ ਬੈਠ ਜਾਂਦੀ ਹੈ)

ਜੱਸ : ਮੈਂ ਦਸਦਾਂ ਅਸਲੀ ਭੂਤ। ਜੋ ਮਰ ਗਏ, ਉਹ ਗਏ ਪੱਕੇ ਹੀ ਰੱਬ ਕੋਲ। ਉਹ ਨਹੀਂ ਵਾਪਸ ਆਉਣੇ। ਪਿੱਛੇ ਰਹਿ ਗਏ ਦੋ ਲੱਤਾਂ ਵਾਲੇ ਜਾਨਵਰ। ਇਹਨਾਂ ਵਿੱਚ ਭੂਤ ਵੀ ਹੈਗੇ ਨੇ।

ਸੱਤੋ : ਦੋ ਲੱਤਾਂ ਵਾਲੇ ਜਾਨਵਰ?

ਜੱਸ : ਇਹੋ ਲੋਕ... ਬੰਦੇ ਦੀਆਂ ਦੋ ਹੀ ਲੱਤਾਂ ਨੇ। ਇਸ ਤੋਂ ਵੱਡਾ ਹੋਰ ਕੋਈ ਭੂਤ ਨਹੀਂ।

ਸੱਤੋ : ਬੰਦਾ ਕੋਈ ਭੂਤ ਹੋ ਗਿਐ?

ਜੱਸ : ਲਾਲਚ ਨੇ, ਸਵਾਰਥ ਨੇ, ਪੈਸੇ ਦੇ ਮੋਹ ਨੇ ਬੰਦੇ ਨੂੰ ਬੰਦਾ ਰਹਿਣ ਹੀ ਨਹੀਂ ਦਿੱਤਾ। ਬੰਦਾ ਜ਼ੋਰਾਵਰ ਹੋ ਕੇ ਮਾੜੇ ਲੋਕਾਂ ਨੂੰ ਹੱਥਾਂ ਤੇ ਨਚਾਉਂਦੈ, ਆਪ ਰੱਜ ਕੇ ਰੋਟੀ ਖਾਂਦੈ। ਆਪਣਿਆਂ ਨੂੰ ਦਾਅ ਲਾਉਂਦੈ, ਪੈਸੇ ਪਿੱਛੇ ਝੂਠੀਆਂ ਸਹੁੰਆਂ ਖਾਂਦੈ, ਬੇਈਮਾਨੀ ਦੀ ਜੀਂਦੀ ਜਾਗਦੀ ਸ਼ਾਖਸਾਤ ਤਸਵੀਰ ਬਣ ਜਾਂਦੈ। ਕੀ ਉਹ ਭੂਤ ਨਹੀਂ?

ਸੱਤੋ : ਨਵੀਆਂ ਜਿਹੀਆਂ ਗੱਲਾਂ ਨੇ.... ਪਰ ਲਗਦੀਆਂ ਠੀਕ



ਨੇ। ਬੰਦਾ ਧਰਮੀ ਨਹੀਂ ਰਿਹਾ।

ਜੱਸ : ਪਰ ਇਸ ਘਰ ਵਿੱਚ ਹੁਣ ਜੋ ਬੰਦਾ ਆ ਰਿਹੈ, ਉਹ ਪੂਰਾ ਧਰਮੀ ਏ, ਇਮਾਨਦਾਰ ਏ, ਸੱਚਾ ਸੁੱਚਾ ਕਿਰਤੀ ਏ। ਉਹ ਨੇਕ ਇਨਸਾਨ ਆ ਰਿਹੈ, ਇਸ ਧਰਤੀ ਨੂੰ ਭਾਗ ਲੱਗ ਜਾਣਗੇ।

ਸੱਤੋ : ਕੌਣ ਆ ਰਿਹਾ?

ਜੱਸ : ਇਸ ਘਰ ਦਾ ਵਾਰਸ ਮਿਹਰ ਸਿੰਘ। ਇਸ ਘਰ ਦੇ ਮਾਲਕ ਸੁਰਜੀਤ ਸਿੰਘ ਅਤੇ ਕਮਲੇਸ਼ ਕੌਰ ਦਾ ਵੱਡਾ ਪੁੱਤਰ, ਇਸ ਪਰਿਵਾਰ ਦੀ ਇੱਕੋ ਇੱਕ ਨਿਸ਼ਾਨੀ ਬਚੀ ਏ। ਉਹ ਬੰਦਾ ਨਹੀਂ, ਹੀਰਾ ਏ ਹੀਰਾ ਮੇਰਾ ਦੋਸਤ।

ਸੱਤੋ : ਤੁਹਾਡਾ ਦੋਸਤ.... ਕਿੱਥੋਂ ਆ ਰਿਹੈ?

ਜੱਸ : ਅਮਰੀਕਾ ਤੋਂ।

ਸੱਤੋ : (ਹੈਰਾਨੀ ਵਿੱਚ) ਅਮਰੀਕਾ ਤੋਂ?

ਜੱਸ : ਹਾਂ, ਉਹ ਇਕੱਲਾ ਹੀ ਆ ਰਿਹੈ। ਮੇਰੇ ਬਚਪਨ ਦਾ ਗੂਹੜਾ ਯਾਰ, ਨੌਵੀਂ ਜਮਾਤ ਤੱਕ ਅਸੀਂ ਕੱਠੇ ਪੜ੍ਹਦੇ ਰਹੇ। ਸਕੂਲ ਦਾ ਕੰਮ ਇਸੇ ਘਰ ਵਿੱਚ ਬਹਿ ਕੇ ਨਿਬੇੜਦੇ। ਪੇਪਰਾਂ ਦੇ ਦਿਨਾਂ ਵਿੱਚ ਰਾਤ ਨੂੰ ਮੈਂ ਇਸੇ ਘਰ 'ਚ ਹੀ ਰਹਿੰਦਾ। ਇਸ ਘਰ ਵਿੱਚ ਰੌਣਕਾਂ ਹੀ ਰੌਣਕਾਂ ਸਨ ਪਰ ਹੁਣ ਮਿਹਰ ਸਿੰਘ ਇਕੱਲਾ ਹੀ....(ਉਦਾਸ ਹੋ ਜਾਂਦਾ ਹੈ)

ਸੱਤੋ : ਮਿਹਰ ਸਿੰਘ ਦੀ ਫੈਮਿਲੀ?

ਜੱਸ : ਅਮਰੀਕਾ ਵਿੱਚ ਹੀ ਵਿਆਹ ਹੋਇਆ ਸੀ, ਘਰ ਵਾਲੀ ਨੂੰ ਕਲੱਬਾਂ 'ਚ ਜਾਣ ਦਾ ਚਸਕਾ ਪੈ ਗਿਆ। ਮਿਹਰ ਸਿੰਘ ਸਿੱਧੇ ਰਾਹ ਤੇ ਚੱਲਣ ਵਾਲਾ ਬੰਦਾ, ਕਿਰਤ ਨੂੰ ਪੂਜਾ ਸਮਝਦਾ। ਦੋਹਾਂ ਮੀਆਂ ਬੀਵੀ ਦੇ ਰਸਤੇ ਹੀ ਉਲਟ ਦਿਸ਼ਾ 'ਚ ਸਨ....

ਸੱਤੋ : (ਉਤਸੁਕਤਾ ਵਿੱਚ) ਫਿਰ ਕੀ ਹੋਇਆ?

ਜੱਸ : ਤਲਾਕ..... ਇਸ ਤੋਂ ਬਿਨਾਂ ਚਾਰਾ ਵੀ ਕੀ ਸੀ।

ਸੱਤੋ : ਉਹਨਾਂ ਘਰ ਕੋਈ ਬੱਚੇ?

ਜੱਸ : ਦੋ ਪੁੱਤਰ ਨੇ, ਗੱਭਰੂ ਹੋ ਗਏ। ਉਹਨਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਬਾਅਦ ਹੀ ਮਿਹਰ ਸਿੰਘ ਪਰਤ ਰਿਹੈ।

ਸੱਤੋ : 'ਤੇ ਹੁਣ ਉਹ ਇਸ ਪੁਰਾਣੇ ਟੁੱਟੇ ਜਿਹੇ ਘਰ 'ਚ ਰਹੇਗਾ?

ਜੱਸ : ਨਹੀਂ, ਘਰ ਦੇ ਨਾਲ ਲਗਦੇ ਪਲਾਟ 'ਚ ਕੋਠੀ ਬਣਾਏਗਾ. ਇਸ ਘਰ ਨੂੰ ਢਾਹੇਗਾ ਨਹੀਂ। ਇਹਦੀ ਮੁਰੰਮਤ ਕਰਵਾ

ਕੇ ਪਰਿਵਾਰ ਦੀ ਨਿਸ਼ਾਨੀ ਬਚਾ ਕੇ ਰੱਖੇਗਾ, ਉਹਨੇ ਮੈਨੂੰ ਵੀਡੀਓ ਭੇਜ ਕੇ ਕਿਹੈ ਕਿ ਰੋਟੀ ਪਾਣੀ ਲਈ ਕੋਈ ਔਰਤ ਤਾਂ ਚਾਹੀਦੀ ਏ। ਔਰਤ ਬਿਨਾਂ ਘਰ ਕਿਵੇਂ ਚੱਲ ਸਕਦੈ।

ਸੱਤੋ : ਇਹ ਗੱਲ ਸੋਲਾਂ ਆਨੇ ਸੱਚ ਏ। (ਉਸਦੇ ਚਿਹਰੇ ਤੇ ਮੁਸਕਰਾਹਟ ਫੈਲ ਜਾਂਦੀ ਹੈ)

ਜੱਸ : ਤੁਹਾਡੀ ਨਿਗਾਹ 'ਚ ਹੈ ਕੋਈ?
(ਸੱਤੋ ਦੇ ਚਿਹਰੇ ਦੀ ਮੁਸਕਰਾਹਟ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ)
ਤੁਹਾਡੇ ਪਰਿਵਾਰ 'ਚ ਕੌਣ-ਕੌਣ ਏ?

ਸੱਤੋ : ਮੈਂ ਤੇ ਮੇਰੀ ਜਵਾਨ ਧੀ।

ਜੱਸ : ਤੁਹਾਡਾ ਪਤੀ?

ਸੱਤੋ : ਨਹੀਂ ਰਿਹੈ। ਐਕਸੀਡੈਂਟ ਵਿਚ ਉਸਦੀ ਮੌਤ ਹੋ ਗਈ। ਪਰ.... ਰੱਬ ਜੋ ਕਰਦੈ ਚੰਗਾ ਸੋਚਕੇ ਹੀ ਕਰਦੈ।

ਜੱਸ : ਮੈਂ ਸਮਝਿਆ ਨਹੀਂ?

ਸੱਤੋ : ਬੜਾ ਗੁੱਸੇਖੋਰ ਸੀ, ਜੇ ਮੈਂ ਕਿਸੇ ਵੱਲ ਅੱਖ ਵੀ ਕਰਦੀ ਤਾਂ ਸੋਟੇ ਨਾਲ ਫੰਡ ਦਿੰਦਾ ਸੀ ਕਸਾਈ। ਇਸ ਉਮਰੇ ਕੋਈ ਆਸਰਾ ਤਾਂ ਚਾਹੀਦੈ.... ਪੰਜਾਹ ਟੱਪ ਗਈ ਹਾਂ।

ਜੱਸ : ਪਰ ਤੁਹਾਡੇ ਚਿਹਰੇ ਤੇ ਨੂਰ ਕਮਾਲ ਦਾ ਏ। ਮੇਰਾ ਦੋਸਤ ਤੁਹਾਨੂੰ ਜ਼ਰੂਰ ਪਸੰਦ ਕਰ ਲਵੇਗਾ। ਪਰ ਤੁਹਾਡੇ ਵੀ ਤਾਂ ਪਸੰਦ ਹੋਣਾ ਚਾਹੀਦੈ।

ਸੱਤੋ : ਪਸੰਦ ਹੀ ਸਮਝੋ।

ਜੱਸ : ਤੁਹਾਨੂੰ ਫੋਟੋ ਵਿਖਾਉਂਦਾ ਹਾਂ ਮੋਬਾਇਲ 'ਤੇ।

ਸੱਤੋ : ਰਹਿਣ ਦਿਓ, ਅਗਲਾ ਅਮਰੀਕਾ ਤੋਂ ਆ ਰਿਹੈ।

ਜੱਸ : (ਮੋਬਾਇਲ ਤੋਂ ਫੋਟੋ ਵਿਖਾਉਂਦਾ ਹੋਇਆ) ਆਹ ਵੇਖੋ ਜ਼ਰਾ ਮੇਰੇ ਯਾਰ ਦੀ ਤਸਵੀਰ।

ਸੱਤੋ : (ਵੇਖਣ ਬਾਅਦ ਖੁਸ਼ੀ ਵਿੱਚ) ਰੱਜ ਕੇ ਸੋਹਣਾ ਏ। ਤੁਸੀਂ ਕਰਵਾ ਦਿਓ ਮੇਲ। ਤੁਹਾਡਾ ਅਹਿਸਾਨ ਆਖਰੀ ਸਾਹਾਂ ਤੱਕ ਨਹੀਂ ਭੁੱਲਾਂਗੀ।

ਜੱਸ : ਇੱਕ ਸ਼ਰਤ ਏ।

ਸੱਤੋ : ਉਹ ਕਿਹੜੀ?

ਜੱਸ : ਆਪਣੇ ਆਪ ਨੂੰ ਵਫ਼ਾਦਾਰ ਪਤਨੀ ਸਾਬਿਤ ਕਰਨਾ ਪਵੇਗਾ।

ਸੱਤੋ : ਉਹਦੇ ਹੁਕਮ ਦੀ ਗੁਲਾਮ ਹੋਵਾਂਗੀ।



ਜੱਸ : ਉਹਦੀ ਮੁਰੱਬਾ ਪੈਲੀ ਏ। ਉਹਦੇ ਲਈ ਕਦੇ ਕਦੇ ਰੋਟੀ ਪਕਾ ਕੇ ਖੇਤਾਂ 'ਚ ਜਾਣਾ ਪਿਆ ਕਰੇਗਾ)

ਸੱਤੋ : (ਹੈਰਾਨੀ ਭਰੀ ਖੁਸ਼ੀ ਵਿੱਚ) ਮੁਰੱਬਾ ਪੈਲੀ? ਧੰਨ ਭਾਗ ਹੋਣਗੇ ਸਾਡੇ। ਖੇਤਾਂ ਦੀ ਮਿੱਟੀ ਮੱਥੇ ਨੂੰ ਲਾਇਆ ਕਰਾਂਗੀ। ਤੁਹਾਡੇ ਦੋਸਤ ਦਾ ਹਰ ਕੰਮ 'ਚ ਪੂਰਾ ਸਾਥ ਦਿਆਂਗੀ। ਪਰ.... ਮੇਰੀ ਬੇਟੀ ਨੂੰ ਬੇਟੀ ਸਮਝ ਲਵੇ।

ਜੱਸ : ਚਿੰਤਾ ਨਾ ਕਰਿਓ, ਕੋਈ ਸ਼ਿਕਾਇਤ ਨਹੀਂ ਆਵੇਗੀ।

ਸੱਤੋ : ਉਹ ਅੱਜ ਹੀ ਆਉਣਗੇ?

ਜੱਸ : ਹਾਂ, ਅੱਜ ਸ਼ਾਮ ਨੂੰ। ਅਜੇ ਚਾਰ ਪੰਜ ਘੰਟੇ ਮੈਨੂੰ ਉਹਦੇ ਰਾਹ ਵੱਲ ਵੇਖਣਾ ਪਵੇਗਾ। ਹੋ ਸਕਦੈ ਸ਼ਾਮ ਨੂੰ ਤੁਹਾਡੇ ਨਾਲ ਮੁਲਾਕਾਤ ਕਰਵਾ ਦਿਆਂ।

ਸੱਤੋ : ਫਿਰ ਮੈਂ ਬਿਊਟੀ ਪਾਰਲਰ ਤੋਂ ਹੋ ਆਵਾਂ? ਬਣ ਠਣ ਕੇ ਸਾਹਮਣੇ ਆਉਣਾ ਚਾਹੀਦਾ ਏ ਨਾ?

ਜੱਸ : ਨਹੀਂ ਭੈਣ ਜੀ, ਤੁਹਾਡਾ ਚਿਹਰਾ ਬਹੁਤ ਸੁੰਦਰ ਏ। ਮੇਰਾ ਯਾਰ ਬਨਾਉਟੀ ਸੁੰਦਰਤਾ ਨੂੰ ਚੰਗਾ ਨਹੀਂ ਸਮਝਦਾ। ਉਹ ਕੁਦਰਤੀ ਸੁੰਦਰਤਾ ਦੀ ਕਦਰ ਕਰਦਾ ਏ। ਆਪਣਾ ਮੋਬਾਇਲ ਇਧਰ ਕਰੋ, ਸਾਨੂੰ ਇੱਕ ਦੂਜੇ ਦੇ ਨੰਬਰਾਂ ਦਾ ਪਤਾ ਲੱਗ ਜਾਵੇਗਾ। ਸ਼ਾਮ ਨੂੰ ਬੁਲਾ ਲਵਾਂਗਾ।

ਸੱਤੋ : ਜ਼ਰੂਰ ਜ਼ਰੂਰ।

ਜੱਸ : (ਹੱਸਦਾ ਹੋਇਆ) ਹੁਣ ਇਸ ਘਰ 'ਚ ਭੂਤ ਤਾਂ ਨਜ਼ਰ ਨਹੀਂ ਆਉਂਦੇ?

ਸੱਤੋ : ਦੇਵਤਾ ਆ ਰਿਹੈ, ਭੂਤ ਭੱਜ ਗਏ।
(ਦੋਵੇਂ ਹੱਸਦੇ ਹਨ)

ਜੱਸ : ਪਰ ਇੱਥੇ ਰਹਿ ਚੁੱਕੇ ਭੂਤਾਂ ਦੀ ਕਹਾਣੀ ਮੈਨੂੰ ਬਿਆਨ ਕਰਨੀ ਪਵੇਗੀ।

ਸੱਤੋ : ਪਰ ਉਹ ਕਿਉਂ?

ਜੱਸ : ਤਾਂ ਕਿ ਫਿਰ ਕਦੇ ਇਸ ਘਰ 'ਚ ਕੋਈ ਭੂਤ ਨਜ਼ਰ ਨਾ ਆਏ। ਮੇਰੇ ਯਾਰ ਤੇ ਭੂਤਾਂ ਦਾ ਸਾਇਆ ਨਾ ਆਏ, ਨਾਲ ਦੀ ਨਾਲ ਤੁਹਾਡੇ ਤੇ ਵੀ। ਸੁਣੋਗੇ?

ਸੱਤੋ : ਹਾਂ ਮੈਂ ਸੁਣਾਂਗੀ।

ਜੱਸ : ਮੈਂ ਇੱਕੋ ਇੱਕ ਚਸ਼ਮਦੀਦ ਗਵਾਹ ਹਾਂ ਇਸ ਘਰ 'ਚ ਵਾਪਰੀ ਹਰ ਘਟਨਾ ਦਾ। ਕਿਵੇਂ ਇਹ ਘਰ ਸਵਰਗ ਤੋਂ ਨਰਕ ਬਣ ਗਿਆ।

**ਦ੍ਰਿਸ਼ ਦੋ**

(ਸੁਰਜੀਤ ਸਿੰਘ ਦੇ ਘਰ ਦਾ ਵਿਹੜਾ, ਦੋ ਮੰਜੀਆਂ ਡਾਹੀਆਂ ਹੋਈਆਂ ਵਿਖਾਈ ਦਿੰਦੀਆਂ ਹਨ। ਇੱਕ ਮੰਜੇ ’ਤੇ ਸੁਰਜੀਤ ਸਿੰਘ ਦੀ ਪਤਨੀ ਕਮਲੇਸ਼ ਕੌਰ ਬੈਠੀ ਹੈ। ਸੋਚਾਂ ਵਿੱਚ ਡੁੱਬੀ ਹੋਈ ਪਿਆਜ ਕੱਟ ਰਹੀ ਹੈ, ਦੁਪਹਿਰ ਦੀ ਰੋਟੀ ਦਾ ਆਹਰ ਪਾਹਰ ਕਰਨ ਵਿੱਚ ਲੱਗੀ ਹੈ। ਖੇਤਾਂ ਵਿੱਚੋਂ ਸੁਰਜੀਤ ਸਿੰਘ ਘਰ ਪਰਤਦਾ ਹੈ।)

ਸੁਰਜੀਤ : ਅਜੇ ਰੋਟੀ ਨਹੀਂ ਪੱਕੀ, ਦਿਨ ਢਲ ਗਿਆ ਏ।

ਕਮਲੇਸ਼ : ਦਿਨ ਦਾ ਕੀ, ਰੋਜ਼ ਇਵੇਂ ਚੜ੍ਹਦਾ ਏ, ਇਵੇਂ ਢਲ ਜਾਂਦਾ ਏ। ਜ਼ਿੰਦਗੀ ਦਾ ਇਵੇਂ ਭੋਗ ਪੈ ਜਾਂਦੈ।

ਸੁਰਜੀਤ : (ਅਣਸੁਣੀ ਕਰਦਾ ਹੋਇਆ) ਉਪਰੋਂ ਦੋ,ਢਾਈ ਵੱਜ ਗੇ, ਬੰਦਾ ਟਾਈਮ ਸਿਰ ਰੋਟੀ ਨਾ ਖਾਏਗਾ, ਕੰਮ ਸਵਾਹ ਕਰੇਗਾ।

ਕਮਲੇਸ਼ : ਰੋਟੀ ਹੀ ਬਣਾਉਣੀ ਪਈ ਹਾਂ, ਹੱਥ ਤੇ ਹੱਥ ਧਰ ਕੇ ਤਾਂ ਨਹੀਂ ਬੈਠੀ। ਸਵੇਰੇ ਘਰੋਂ ਖਾ ਕੇ ਗਿਆ ਸੀ ਚਾਰ ਪਰਾਉਂਠੇ ਆਲੂਆਂ ਵਾਲੇ, ਫਿਰ ਭੁੱਖ ਲੱਗ ਗਈ?

ਸੁਰਜੀਤ : ਤੈਨੂੰ ਪੈਲੀਆਂ ਦੇ ਕੰਮਾਂ ਦਾ ਨਹੀਂ ਪਤਾ, ਕਿੰਨਾ ਜ਼ੋਰ ਲੱਗਦਾ ਏ ਝੋਟੇ ਜਿੰਨਾ। ਛੇ ਘੰਟੇ ਮਿੱਟੀ ਨਾਲ ਮਿੱਟੀ ਹੋਇਆ ਰਿਹਾ ਤਾਂ ਸਰੀਰ ਮੰਗੇਗਾ ਨਾ ਕੁੱਝ। ਤੇਲ ਬਿਨਾਂ ਇੰਜਣ ਕਿਵੇਂ ਚੱਲੇਗਾ।

ਕਮਲੇਸ਼ : ਸਾਰਾ ਦਿਨ ਖਾਣ ਤੋਂ ਬਿਨਾਂ ਕੰਮ ਕਿਹੜਾ ਰਹਿ ਗਿਆ। ਸ਼ਾਮਾਂ ਪੈਂਦੀਆਂ ਨੇ ਬੋਤਲ ਖੋਹਲ ਕੇ ਬਹਿ ਜਾਂਦੈ।

ਸੁਰਜੀਤ : ਆਪਣੇ ਘਰ ਹੀ ਬਹਿੰਦਾ ਹਾਂ। ਸੋਲਾਂ ਕਿਲੇ ਪੈਲੀ ਸੰਭਾਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਜ਼ਿਆਦਾ ਗੱਲਾਂ ਨਾ ਬਣਾ ਤੇ ਰੋਟੀ ਪਕਾ ਮਿੰਟੋ ਮਿੰਟੀ।

ਕਮਲੇਸ਼ : ਨਾ ਮਸ਼ੀਨ ਬਣ ਜਾਂ।

ਸੁਰਜੀਤ : ਰੋਟੀ ਹੀ ਪਕਾਉਣੀ ਏ, ਮਸ਼ੀਨ ਬਣਨ ਦੀ ਕੀ ਗੱਲ ਹੋਈ। ਗੁਆਂਢੀਆਂ ਤੋਂ ਗੀਤ ਸੁਣ ਆਈ-ਨੀਂ ਮੈਂ ਹੋ ਜਾਂ ਸਾਧਣੀ, ਬਹਿ ਜਾਂ ਕਿਸੇ ਸਾਧ ਦੇ ਡੇਰੇ।

ਕਮਲੇਸ਼ : ਕੀ ਮਾੜਾ ਏ ਗੀਤ ਵਿੱਚ?

ਸੁਰਜੀਤ : ਘਰ ਉਜਾੜਦੇ ਨੇ ਇਵੇਂ ਦੇ ਗੀਤ। ਮਿਹਰ ਤੇ ਮੇਜਰ ਸਕੂਲੋਂ ਆਉਣ ਵਾਲੇ ਨੇ, ਤੂੰ ਬੰਦਾ ਬਣ ਕੇ ਹੱਥ ਹਿਲਾ ਤੇ ਰੋਟੀ ਪਕਾ।

ਕਮਲੇਸ਼ : (ਗੱਲ ਬਦਲਦੀ ਹੋਈ) ਮਿਹਰ ਦਾ ਸੋਚਿਆ ਕੁੱਛ?



ਸੁਰਜੀਤ : ਨਿਆਣਿਆਂ ਵਾਸਤੇ ਹੀ ਕਰਨੇ ਪਏ ਹਾਂ। ਪੜਨੇ ਪਾਇਐ, ਜਿੰਨਾ ਮਰਜ਼ੀ ਪੜਨ। ਚੰਗਾ ਖਾਣ, ਵਧੀਆ ਪਾਉਣ। ਕਿਸ ਗੱਲ ਦਾ ਘਾਟਾ ਏ ਇੱਥੇ।

ਕਮਲੇਸ਼ : ਸਾਰੀ ਉਮਰ ਸਰਫੇ ਵਿੱਚ ਹੀ ਕੱਟਣਗੇ। ਲੋਕਾਂ ਦੇ ਨਿਆਣੇ ਬਾਹਰਲੇ ਮੁਲਕਾਂ ਨੂੰ ਜਾਂਦੇ ਪਏ ਨੇ, ਵੇਖਦੇ ਵੇਖਦੇ ਲੱਖਾਂ ਵਿੱਚ ਖੇਡਣ ਲੱਗ ਪੈਂਦੇ ਨੇ। ਅਸੀਂ ਨਹੀਂ ਸੋਚਣਾ ਆਪਣੇ ਬੱਚਿਆਂ ਦਾ।

ਸੁਰਜੀਤ : ਬੱਚੇ ਅਜੇ ਛੋਟੇ ਨੇ। ਪੜ੍ਹਨ ਦੀ ਤੇ ਖੇਡਣ ਦੀ ਉਮਰ ਏ ਉਹਨਾਂ ਦੀ। ਪੜ੍ਹ ਲਿਖ ਕੇ ਸਿਆਣੇ ਹੋ ਗਏ, ਫਿਰ ਉਹਨਾਂ ਨੂੰ ਪਰਵਾਹ ਨਹੀਂ ਕਿਸੇ ਗੱਲ ਦੀ।

ਕਮਲੇਸ਼ : ਕੀ ਕੱਢਣਗੇ ਇਹਨਾਂ ਕਿਤਾਬਾਂ ’ਚੋਂ? ਪੰਮੇ ਦਾ ਮੁੰਡਾ ਪੰਜਵੀਂ ਫੇਲ੍ਹ ਅਮਰੀਕਾ ਅੱਪੜ ਗਿਐ। ਮੈਨੂੰ ਪਤਾ ਲੱਗੈ ਉਹਨੇ ਘਰ ਪੈਸੇ ਵੀ ਭੇਜ ਦਿੱਤੇ ਨੇ। ਉਹਨਾਂ ਦੀਆਂ ਤਾਂ ਪੰਜੇ ਉਂਗਲਾਂ ਘਿਉ ਵਿੱਚ ਨੇ। (ਰੋਣਹਾਕੀ ਹੋ ਜਾਂਦੀ ਹੈ)

ਸੁਰਜੀਤ : ਕਿਸੇ ਵੱਲ ਵੇਖ ਕੇ ਸੜੀਦਾ ਨਹੀਂ। ਮਾਇਆ ਦਾ ਚੱਕਰ ਏ, ਕਿਸੇ ਕੋਲ ਵੱਧ ਆ ਗਈ, ਕਿਸੇ ਕੋਲ ਘੱਟ। ਸਾਡੇ ਪਾਸ ਇੰਨੀ ਕੁ ਮਾਇਆ ਜ਼ਰੂਰ ਹੈ ਕਿ ਜਿੰਨੀ ਸਾਨੂੰ ਚਾਹੀਦੀ ਏ।

(ਗੁਆਂਢ ਵਿੱਚੋਂ ਢੋਲ ਦੇ ਵੱਜਣ ਦੀ ਆਵਾਜ਼ ਆਉਂਦੀ ਹੈ)

ਕਮਲੇਸ਼ : (ਘਬਰਾਹਟ ਵਿੱਚ) ਪੰਮੇ ਦੇ ਘਰ ਢੋਲ ਵੱਜਣ ਲੱਗ ਪਿਐ। ਸੁਣਿਐ?

ਸੁਰਜੀਤ : ਸੁਣ ਲਿਐ, ਵਧੀਆ ਵਜਾ ਰਿਹਾ ਢੋਲੀ।

ਕਮਲੇਸ਼ : ਢੋਲ ਦੀ ਵਾਜ ਮੇਰੇ ਕਾਲਜੇ ’ਤੇ ਸਿੱਧੀ ਵੱਜਦੀ ਪਈ ਏ। ਤੈਨੂੰ ਵਧੀਆ ਜਾਪਦੈ। ਮੈਂ ਕੀ ਕਰਾਂ ਰੱਬਾ.....

ਸੁਰਜੀਤ : ਤੂੰ ਜਾ ਕੇ ਘੜੀ ਨੱਚ ਲੈ ਢੋਲ ਤੇ, ਤੇਰਾ ਚਿੱਤ ਖਿੜ ਜਾਏਗਾ ਘੜੀ।

ਕਮਲੇਸ਼ : ਮੇਰੀ ਨੱਚਦੀ ਏ ਉਥੇ ਜੁੱਤੀ। ਨਿਆਣੇ ਆਉਣ ਵਾਲੇ ਨੇ ਸਕੂਲੋਂ। ਉਹਨਾਂ ਨੂੰ ਰੋਟੀ ਪਾ ਦੇਵੀਂ, ਮੈਂ ਘੜੀ ਮੰਜੇ ’ਤੇ ਪੈ ਜਾਵਾਂ ਖੌਰੇ ਅੱਖ ਲੱਗ ਜਾਏ ਜਰਾ। (ਕਮਲੇਸ਼ ਚਲੀ ਜਾਂਦੀ ਹੈ) (ਗੁਆਂਢ ਵਿੱਚ ਢੋਲ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਕੁਝ ਆਵਾਜ਼ਾਂ ਲਲਕਾਰੇ ਮਾਰਨ ਦੀਆਂ ਵੀ ਹਨ)

ਢੋਲੀ ਦੀ ਆਵਾਜ਼ : (ਮਾਈਕ ਦਿਓ) ਬਾਰੀਂ ਬਰਸੀ ਖੱਟਣ ਨੂੰ ਘੱਲਿਆ

ਖੱਟ ਕੇ ਲਿਆਂਦਾ ਢੋਲ
ਪੰਮੇ ਹੋ ਗਈ ਸ਼ਾਹਣੀ
ਤੇ ਦੁਨੀਆਂ ਗਈ ਹੈ ਡੋਲ।
(ਕਮਲੇਸ਼ ਬਾਹਰ ਆਉਂਦੀ ਹੈ)

ਕਮਲੇਸ਼ : ਪੰਮੋ ਸ਼ਾਹਣੀ ! ਨੰਗ ਕੁੱਤੀ, ਸਾਰੀ ਉਮਰ ਲੀਰਾਂ, ਲਮਕਾਈ ਫਿਰਦੀ ਰਹੀ, ਘਰ ਆਟਾ ਨਹੀਂ ਸੀ ਹੁੰਦਾ, ਹੁਣ 'ਸ਼ਾਹਣੀ' ਬਣ ਗਈ ਏ, ਝੰਡੂ ਕਾਣੇ ਦੀ ਰੰਨ।

ਢੋਲੀ ਦੀ ਆਵਾਜ਼ : ਅਮਰੀਕਾ ਵਾਲੇ ਮੁੰਡੇ ਦਾ ਮਾਮਾ
ਨੋਟ ਵਰ੍ਹਾ ਰਿਹੈ ਪੰਜ ਪੰਜ ਸੌ ਦੇ।
ਮਾਮੇ ਦੇ ਨਾਂ ਤੇ ਬੋਲੀ ਪਾ ਰਿਹਾਂ, ਗੌਰ ਫਰਮਾਇਓ :
ਕੋਈ ਪੀਂਦਾ ਗਟ ਗਟ ਵਿਸਕੀ,
ਕੋਈ ਪੀਂਦਾ ਮਲ ਮਲ ਭੰਗ।
ਬਰਸਾਤ ਕਰਤੀ ਨੋਟਾਂ ਦੀ
ਮਾਮੇ ਦੇ ਵੱਖਰੇ ਰੰਗ।
ਬੋਲੋ ਮੁੰਡੇ ਦਾ ਮਾਮਾ ਜ਼ਿੰਦਾਬਾਦ

ਬਾਕੀ ਆਵਾਜ਼ਾਂ : ਜ਼ਿੰਦਾਬਾਦ ਜ਼ਿੰਦਾਬਾਦ.... ਹੋਏ ਹੋਏ

ਢੋਲੀ ਦੀ ਆਵਾਜ਼ : ਪੰਮੋ ਸ਼ਾਹਣੀ ਜ਼ਿੰਦਾਬਾਦ

ਬਾਕੀ : ਜ਼ਿੰਦਾਬਾਦ ਬਈ ਜ਼ਿੰਦਾਬਾਦ।

ਕਮਲੇਸ਼ : ਕੁੱਤੀ ਨੀਚ ਮੁਰਦਾਬਾਦ, ਮੁਰਦਾਬਾਦ।
(ਦੋਹਾਂ ਹੱਥਾਂ ਨਾਲ ਪਿੱਟਦੀ ਹੈ)

ਸੁਰਜੀਤ : ਕਿਉਂ ਆਪਣਾ ਪੇਟ ਕੁੱਟਦੀ ਏਂ?

ਕਮਲੇਸ਼ : ਸੱਟ ਸਿੱਧੀ ਵੱਜਦੀ ਪਈ ਏ ਮੇਰੇ ਢਿੱਡ ਤੇ ਢੋਲ ਦੀ।

ਇੱਕ ਆਵਾਜ਼ : ਅਮਰੀਕਾ ਵਾਲੇ ਮੁੰਡੇ ਦੀ ਪਾ ਇੱਕ ਬੋਲੀ ਢੋਲ ਵਾਲਿਆ !

ਢੋਲੀ ਦੀ ਆਵਾਜ਼ : ਲਓ ਬਈ ਸੁੱਟਣ ਲੱਗਾਂ ਬੋਲੀ ਅਮਰੀਕਾ ਗਏ ਮੁੰਡੇ ਦੀ
ਸਾਰੇ ਕਾਇਮ ਹੋ ਜਾਓ ਨੱਚਣ ਲਈ:
ਵਿੱਚ ਅਮਰੀਕਾ ਪਹੁੰਚਿਆ ਲੱਡੂ
ਪਿੱਛੇ ਟੱਬਰ ਢੋਲੇ ਗਾਵੇ।
ਡਾਲਰਾਂ ਦੀ ਝੜੀ ਲਾਤੀ।
ਜਿਵੇਂ ਸੌਣ ਦਾ ਮੀਂਹ ਪਿਆ ਆਵੇ

ਪੰਮੋ ਦੀ ਆਵਾਜ਼ : ਖੁਸ਼ ਕਰਤਾ, ਆਹ ਲੈ ਪੰਜ ਸੌ ਹੋਰ।

ਢੋਲੀ ਦੀ ਆਵਾਜ਼ : ਰੋਟੀ ਨਹੀਂ ਖਾਣੀ...

ਬਾਕੀ : ਓਏ ਹੋਏ.....

ਢੋਲ ਦੀ ਆਵਾਜ਼ : ਰੋਟੀ ਨਹੀਂ ਖਾਣੀ
ਡਾਲਰ ਹੀ ਅਸਾਂ ਖਾਣੇ।



ਢਾਰੇ ਦੀ ਬਣੀ ਕੋਠੀ
ਵਿੱਚ ਰਹਿੰਦੇ ਲੋਕ ਸਿਆਣੇ।

ਝੰਡੂ ਦੀ ਆਵਾਜ਼
(ਮਾਈਕ ਤੋਂ) : ਵਾਹਿਗੁਰੂ ਨੇ ਖੁਸ਼ੀ ਦਿੱਤੀ, ਮੁਹੱਲੇ ਵਾਲਿਓ ਜਿਹਦਾ ਦਿਲ ਕਰਦੈ, ਆ ਜਾਓ, ਚੁੰਝ ਗਿੱਲੀ ਕਰ ਲਓ, ਸ਼ਰਾਬ ਵਾਧੂ।

ਕਮਲੇਸ਼ : ਤੂੰ ਤਾਂ ਰੱਜ ਲੈ ਝੰਡੂ ਕਾਣਿਆ, ਸਾਰੀ ਉਮਰ ਲੋਕਾਂ ਦੇ ਗਲਾਸ ਸੁੰਘਦੇ ਕੱਢਤੀ। ਕਹਿੰਦਾ ਰਿਹੈਂ, ਫਲਾਣੇ ਬੰਦੇ ਨੇ ਪਾਈਆਂ। ਪਿਆ ਕੇ ਮੇਰਾ ਮੂੰਹ ਕਾਲਾ ਕਰ ਦਿੱਤੈ।
(ਮਿਹਰ ਸਿੰਘ ਅਤੇ ਮੇਜਰ ਸਿੰਘ ਸਕੂਲੋਂ ਆਉਂਦੇ ਹਨ, ਦੋਵੇਂ ਲੱਡੂ ਖਾ ਰਹੇ ਹਨ।)
ਮਿਹਰ, ਆਹ ਲੱਡੂ ਕਿੱਥੋਂ ਲਏ ਨੇ?

ਮਿਹਰ : ਮੰਮੀ, ਪੰਮੋ ਤਾਈ ਦੇ ਘਰ ਢੋਲ ਵੱਜਦਾ ਪਿਐ, ਲੋਕ ਖਾਂਦੇ ਪੀਂਦੇ ਪਏ ਨੇ। ਕੋਈ ਨੱਚੀ ਜਾਂਦੈ ਕੋਈ ਗਾਈ ਜਾਂਦੈ, ਪੰਮੋ ਤਾਈ ਨੇ ਲੱਡੂ ਦੇ ਦਿੱਤੇ ਮੈਨੂੰ ਵੀ, ਮੇਜਰ ਨੂੰ ਵੀ।

ਕਮਲੇਸ਼ : (ਮਿਹਰ ਅਤੇ ਮੇਜਰ ਦੇ ਚਪੇੜਾਂ ਮਾਰਦੀ ਹੈ) ਤੁਸੀਂ ਭੁੱਖੇ ਹੋ, ਉਸ ਨੰਗ ਤੋਂ ਲੱਡੂ ਲੈ ਲਏ। ਮੈਨੂੰ ਪੁੱਛਦੇ ਤਾਂ ਮੈਂ ਦੱਸਦੀ ਕਿ ਲੱਡੂ ਲੈਣੇ ਨੇ ਕਿ ਉਹਦੇ ਮੂੰਹ ਤੇ ਮਾਰਨੇ ਨੇ।

ਮਿਹਰ : (ਰੋਣਹਾਕਾ ਹੁੰਦਾ ਹੋਇਆ) ਗਲੀ ਦੇ ਸਾਰੇ ਮੁੰਡਿਆਂ, ਕੁੜੀਆਂ ਨੇ ਲੱਡੂ ਖਾਧੇ ਨੇ, ਉਹਨਾ ਦੀਆਂ ਮੰਮੀਆਂ ਨੇ ਕੁੱਝ ਨਹੀਂ ਕਿਹਾ।

ਕਮਲੇਸ਼ : ਮੈਂ ਬੇਅਣਖੀ ਨਹੀਂ ਉਹਨਾਂ ਐਰੇ ਗੈਰੇ ਜੂਠਾਂ ਵਰਗੀ।

ਸੁਰਜੀਤ : ਤੂੰ ਵੀ ਖਾ ਲੈ ਲੱਡੂ ਕਮਲੇਸ਼ ਕੌਰੇ।

ਕਮਲੇਸ਼ : ਮੈਨੂੰ ਮਹੁਰਾ ਲਿਆ ਕੇ ਦੇ ਦੇ। ਤੂੰ ਜਾ ਡੱਫ ਲੈ ਜਾ ਕੇ, ਤੇਰੇ ਜਿਹੇ ਬਥੇਰੇ ਪੀ ਪੀ ਮੂੰਹ ਕਾਲਾ ਕਰਦੇ ਪਏ ਨੇ।

ਸੁਰਜੀਤ : ਮੈਂ ਕਿਉਂ ਜਾਵਾਂ ਉਹਦੇ ਘਰ। ਮੈਂ ਸੋਲਾਂ ਕਿੱਲਿਆਂ ਦਾ ਮਾਲਕ ਹਾਂ। ਮੇਰੇ ਘਰ ਬਥੇਰੀ ਬਰਕਤ ਰੱਬ ਦੀ, ਵਧੀਆ ਖਾਣੇ ਪੀਣੇ ਹਾਂ।

ਕਮਲੇਸ਼ : (ਸਾਂਗ ਲਾਉਂਦੀ ਹੋਈ) ਸੋਲਾਂ ਕਿਲਿਆਂ ਦਾ ਮਾਲਕ ਹਾਂ ! ਪਰਸੋ ਢਾਣੀ ਵਿੱਚ ਬੈਠਾ ਦੁੱਕੀ ਤਿੱਕੀ ਬੰਦਿਆਂ ਦੇ ਜੂਠੇ ਗਲਾਸਾਂ ਵਿੱਚ ਪੀ ਪੀ ਮੋਰ ਬਣਿਆ ਪਿਆ ਸੀ।

ਸੁਰਜੀਤ : ਉਹ ਤਾਂ ਮਹਿਫ਼ਲ ਦੀ ਗੱਲ ਏ, ਮਹਿਫ਼ਲ ਵਿੱਚ ਸਾਰੇ ਜਾਣੇ ਬਰਾਬਰ ਹੁੰਦੇ ਨੇ। ਨਾ ਕੋਈ ਵੱਡਾ, ਨਾ ਕੋਈ ਛੋਟਾ। ਨਾ ਕੋਈ ਅਮੀਰ, ਨਾ ਕੋਈ ਗਰੀਬ।

ਕਮਲੇਸ਼ : ਸ਼ਰਾਬ ਡੱਫਨ ਵਾਲਿਆਂ 'ਚ ਨਾ ਕੋਈ ਬੰਦਾ ਸੀ ਨਾ ਬੰਦੇ ਦੀ ਜਾਤ।

ਸੁਰਜੀਤ : (ਟੋਕਦਾ ਹੋਇਆ) ਤੂੰ ਬੰਦਾ ਜਾਤ ਏ? ਆਏ ਦਿਨ ਵਧਦੀ ਜਾਂਦੀ ਏ, ਇਸ ਜ਼ੁਬਾਨ ਤੇ ਕੰਟੋਰਲ ਕਰ।

ਕਲਮੇਸ਼ : ਬਥੇਰਾ ਕੀਤਾ ਕੰਟੋਰਲ, ਬਥੇਰੀਆਂ ਸੁਣੀਆਂ ਤੱਤੀਆਂ ਠੰਢੀਆਂ ਸਤਾਰਾਂ ਅਠਾਰਾਂ ਸਾਲ। ਹੁਣ ਮੇਰੀ ਚੱਲੇਗੀ।

ਸੁਰਜੀਤ : ਕੀ ਚਲਾਏਂਗੀ?

ਕਮਲੇਸ਼ : ਉਧਰ ਕਲਹਿਣੀ ਪੰਮੋ ਨੇ ਢੋਲ ਵਜਾਤਾ, ਸਾਡੇ ਨਿਆਣੇ ਵੀ ਅਮਰੀਕਾ ਜਾ ਸਕਦੇ ਨੇ। ਸੁੱਖ ਨਾਲ ਮਿਹਰ ਸਿੰਘ ਨੂੰ ਸੋਲਵਾਂ ਸਾਲ ਲੱਗ ਗਿਐ। ਮੈਂ ਸੱਦਿਐ ਆਪਣੇ ਭਰਾ ਪ੍ਰਕਾਸ਼ ਨੂੰ। ਏਜੰਟਾਂ ਨਾਲ ਬਥੇਰੀ ਵਾਕਫੀਅਤ ਏ ਉਹਦੀ।

ਮਿਹਰ : ਮੰਮੀ, ਮੈਂ ਨਹੀਂ ਜਾਣਾ ਅਮਰੀਕਾ ਅਜੇ। ਮੈਂ ਤਾਂ ਪੜ੍ਹਨਾ ਏ ਤੇ ਦਸਵੀਂ ਦੇ ਇਮਤਿਹਾਨ 'ਚ ਫਸਟ ਆਵਾਂਗਾ।

ਕਮਲੇਸ਼ : ਪੜ੍ਹ ਲਿਖ ਕੇ ਕਿਹੜਾ ਜੱਜ ਬਣ ਜਾਏਂਗਾ! ਤੂੰ ਚੁੱਪ ਰਹਿ, ਤੇਰੀ ਜ਼ਿੰਦਗੀ ਬਣੇਗੀ ਅਮਰੀਕਾ ਵਿੱਚ।

ਮਿਹਰ : ਡੈਡੀ, ਮੰਮੀ ਨੂੰ ਸਮਝਾ।

ਸੁਰਜੀਤ : ਮਿਹਰ, ਥੱਕਿਆ ਟੁੱਟਿਆ ਆਇਆਂ ਪੈਲੀ ਵਿੱਚੋਂ, ਹੁਣ ਮੈਂ ਇਹਦੇ ਨਾਲ ਸਿਰ ਖਪਾਈ ਕਰਾ। ਇਹਨੂੰ ਬੋਲੀ ਜਾਣ ਦੇ, ਮੈਂ ਲੱਗਾਂ ਦੋ ਪੈਗ ਲਾਉਣ।

ਕਮਲੇਸ਼ : ਡੁੱਬ ਜਾ ਸ਼ਰਾਬ 'ਚ, ਮੁੰਡੇ ਦਾ ਨਾ ਸੋਚੀਂ।

ਸੁਰਜੀਤ : ਤੂੰ ਸੋਚ ਈ ਰਹੀਂ , ਹੁਣ ਘੜੀ ਚੁੱਪ ਦਾ ਦਾਨ ਬਖਸ਼।

ਕਮਲੇਸ਼ : ਪਰ ਮੈਂ ਮਿਹਰ ਨੂੰ ਅਮਰੀਕਾ ਭੇਜਣਾ ਏ ਪੱਕਾ।

ਸੁਰਜੀਤ : (ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦਾ ਹੋਇਆ) ਠੀਕ ਏ ਠੀਕ ਏ, ਕਰ ਲੈ ਧੱਕਾ। ਆਪਣੀ ਸ਼ੂਗਰ ਬਾਰੇ ਵੀ ਖਿਆਲ ਰੱਖਿਆ ਕਰ।

ਕਮਲੇਸ਼ : (ਸ਼ਾਂਤ ਹੁੰਦੀ ਹੋਈ) ਮੇਰਾ ਪੁੱਤਰ ਅਮਰੀਕਾ ਵਿੱਚ ਬਾਬੂ ਬਣੇਗਾ, ਪੰਡਾਂ ਨੋਟਾਂ ਦੀਆਂ ਆਉਣਗੀਆਂ। ਮੇਰੇ ਘਰ ਢੋਲ ਵੱਜੇਗਾ, ਸਾਰਾ ਮੁਹੱਲਾ ਵੇਖੇਗਾ ਤੇ ਪੰਮੋ ਦੀ ਬੋਲਤੀ ਬੰਦ ਹੋ ਜਾਵੇਗੀ। (ਸੁਪਨਮਈ ਹਾਲਤ ਵਿੱਚ ਸਟਿੱਲ ਹੋ ਜਾਂਦੀ ਹੈ ਅਤੇ ਹਨ੍ਹੇਰਾ ਪੈ ਜਾਂਦਾ ਹੈ)

(ਬਾਕੀ ਅਗਲੇ ਅੰਕ ਵਿੱਚ)

◆◆◆



# ਕਹਾਣੀ

## ਔਖੇ ਜਿਹੇ ਸਾਹ

**ਡਾ. ਕਰਮਜੀਤ ਸਿੰਘ ਨਡਾਲਾ**



ਸਾਰਾ ਦਿਨ ਇੱਕ ਮਿੰਟ ਦੀ ਵੀ ਵਿਹਲ ਨਹੀਂ। ਮਰੀਜ਼ਾਂ ਨੂੰ ਦੇਖ ਦੇਖ ਅੱਕੇ ਪਏ ਨੇ ਕਦੇ-ਕਦੇ ਅਚਵੀ ਜਿਹੀ ਹੋਣ ਲੱਗਦੀ ਕਦੇ - ਕਦੇ ਮਾਨਸਿਕ ਥਕਾਵਟ, ਘਬਰਾਹਟ ਸਰੀਰ ਚੂਰ-ਚੂਰ ਜਿਹਾ ਹੋਇਆ ਪਿਆ। ਜੀਅ ਕਰਦਾ ਇਸ ਕਰੋਨਾ ਮਹਾਂਮਾਰੀ ਦੇ ਕੰਜਰਖਾਨੇ 'ਚ ਕਿਤੇ ਦੂਰ ਦੌੜ ਜਾਵਾਂ। ਪਰ ਕਿੱਥੇ ਜਾਵਾਂ। ਸਭ ਪਾਸੇ ਤਾਂ ਹਾਹਾਕਾਰ ਮਚੀ ਹੋਈ। ਡੈਣ ਦੇ ਕੁੱਛੜ ਨਿਆਣਾ। ਹੁਣ ਤਾਂ ਹਰ ਕੋਈ ਕਰੋਨਾ ਦੇ ਵੱਸ ਪਿਆ ਹੋਇਆ। ਕਰੋਨਾ ਮਹਾਰਾਜ ਦੀ ਮਰਜ਼ੀ, ਕਿਹਨੂੰ ਬੀਮਾਰ ਕਰੇ। ਕਿਹਨੂੰ ਮਾਰੇ ਕਿਹਨੂੰ ਛੱਡੇ।

ਪਰ ਮੇਰੇ ਤਨ-ਮਨ ਅੰਦਰ ਇੱਕ ਹੋਰ ਹੀ ਰੀਚ ਘਚੋਲੇ ਨੇ ਘਮਸਾਨ ਮਚਾਇਆ ਹੋਇਆ। ਕਹਾਣੀ ਲਿਖਣ ਲਈ ਮੇਰਾ ਲੇਖਕ ਮਨ ਵਿਆਕੁਲ ਹੋਇਆ ਪਿਆ। ਮਰੀਜ਼ ਦੇਖਦਿਆਂ ਵੀ ਲਾਗੇ ਪਈ ਕਰਾਣੀ ਦੀ ਫਾਈਲ ਵੱਲ ਕੁੱਣਖਾ ਜਿਹਾ ਝਾਕਦਾ। ਕੰਮ ਦਾ ਤਾਂ ਲੋਡ ਹੀ ਬੜਾ। ਲਿਖਣਾ-ਸੋਧਣਾ ਕੀ, ਕੋਈ ਚਾਅ ਹੀ ਨਹੀਂ ਚੜ੍ਹਦਾ। ਨਾ ਹੁਣ ਆਉਂਦਾ ਬਹੁਤਾ ਪੈਸਾ ਦੇਖਕੇ ਸਰੂਰ ਚੜ੍ਹਦਾ। ਹਾਸਾ ਤਾਂ ਹੁਣ ਆਉਂਦਾ ਹੀ ਨਹੀਂ। ਦਿਲ ਉਡੂ-ਉਡੂ ਜਿਹਾ ਕਰਦਾ ਰਹਿੰਦਾ। ਖੌਰੇ ਬੰਦਾ ਆਪਣੇ-ਆਪ ਨਾਲ ਕਿਵੇਂ ਹੱਸ ਲੈਂਦਾ। ਪਰ ਮੇਰੇ ਅੰਦਰ ਤਾਂ ਜਿਵੇਂ ਕੋਈ ਚੁੱਪ ਚੁਪੀਤਾ ਤੂਫਾਨ ਮੱਚ ਰਿਹਾ ਹੋਵੇ । ਇਹ ਚੁੱਪ ਮੈਨੂੰ ਪਾਗਲ ਕਰ ਦੇਵੇਗੀ।

ਪਿਛਲੇ ਸਾਲ ਪਹਿਲੀ ਵੇਵ 'ਚ ਤਾਂ ਸਿਰਫ ਕਰੋਨਾ ਦੀ ਦਹਿਸ਼ਤ ਹੀ ਸੀ ਬਈ ਸ਼ੇਰ ਆ ਗਿਆ.. ਆ ਗਿਆ ਦਾ ਡਰ ਭਾਰੂ ਰਿਹਾ ਪਰ ਦੂਸਰੀ ਵੇਵ 'ਚ ਤਾਂ ਸ਼ੇਰ ਸੱਚਮੁੱਚ ਆ ਗਿਆ। ਜਿਵੇਂ ਕਰੋਨਾ ਵਾਇਰਸ ਹਰ ਪਾਸ ਜਗ੍ਹਾ ਮੱਲੀ ਬੈਠਾ, ਮੂੰਹ ਚਿੜ੍ਹਾ ਰਿਹਾ ਹੋਵੇ। ਹੁਣ ਬਾਕੀ ਆਮ ਹੁੰਦੀਆਂ ਬਿਮਾਰੀਆਂ ਜਿਵੇਂ ਖ਼ਤਮ ਹੋ ਗਈਆਂ ਹੋਣ । ਬਸ ਕਰੋਨਾ ਦੀ ਇਨਫੈਕਸ਼ਨ ਨੇ ਫੇਫੜਿਆਂ ਨੂੰ ਘੇਰਿਆ ਹੋਇਆ। ਕੋਈ ਬੁਖ਼ਾਰ ਨਾਲ ਤਪਦਾ ਖੰਘਦਾ ਛਾਤੀ ਤੇ ਹੱਥ ਰੱਖੀ ਹਸਪਤਾਲ ਨੂੰ ਭੱਜਿਆ ਫੇਫੜਿਆਂ ਅੰਦਰ ਵੜਕੇ ਸਾਹ ਨਾਲੀਆਂ 'ਤੇ ਜ਼ੁਲਮ ਕਰਦਾ, ਤੜਫਾਅ-ਤੜਫਾਅ ਜਾਨਾਂ ਕੱਢਾ ਰਿਹਾ ਹੋਵੇ। ਖੌਰੇ ਰੱਬ ਮਨੁੱਖਾਂ ਤੋਂ ਕੁਝ ਜ਼ਿਆਦਾ ਹੀ ਹੋ ਗਈਆਂ ਗਲਤੀਆਂ ਤੋਂ ਔਖਾ ਹੋਇਆ ਪਿਆ। ਹੋ ਸਕਦਾ ਇਹਨਾਂ ਭੁੱਲਣਾ ਕਰਕੇ ਹੀ ਹਿੱਕ'ਤੇ ਚੜ੍ਹਕੇ ਗੁੱਸਾ ਕੱਢਦਾ, ਤਸੀਹੇ ਦੇ ਰਿਹਾ ਹੋਵੇ। ਬੰਦੇ ਨੂੰ ਬੰਦੇ ਦਾ ਪੁੱਤ ਬਣਾਉਣ ਲਈ ਉਤਾਵਲਾ ਹੋਇਆ ਪਿਆ। ਰੱਬ ਨਾਲ ਆਢਾ ਬੰਦੇ ਨੂੰ

ਮਹਿੰਗਾ ਪੈਂਦਾ ਜਾ ਰਿਹਾ।

ਰਾਤ ਨੂੰ ਘਰੇ ਆ ਕੇ ਸਾਰੇ ਦਿਨ ਦੇ ਕੱਠੇ ਕੀਤੇ ਰੁਪਈਏ ਗਿਣਦਾ। ਪਰ ਦਿਲ ਡਰਦਾ ਕਿਤੇ ਕਿਤੇ ਕਰੋਨਾ ਦਾ ਸੁਖਮ ਜੀਵ ਨੋਟਾਂ 'ਚ ਵੜਿਆ ਬੈਠਾ, ਭੁੜਕ ਕੇ ਮੂੰਹ ਅੰਦਰ ਨਾ ਆ ਵੜੇ। ਇਹ ਕੰਜਰ ਤਾਂ ਕਿਤੇ ਅੱਖ ਨਾਲ ਵੀ ਨਹੀਂ ਦਿਸਣਾ, ਖੌਰੇ ਕਿੱਥੇ-ਕਿੱਥੇ ਬੈਠਾ ਹੋਇਆ। ਅਜੀਬ ਹੀ ਮਾਹੌਲ ਬਣਿਆ ਪਿਆ। ਮਿਲਣਾ-ਗਿਲਣਾ ਤਾਂ ਕਿਸੇ ਕੀ ਹੁਣ ਤਾਂ ਬੰਦਾ ਹੀ ਬੰਦੇ ਨੂੰ ਦੇਖਕੇ ਰੁੱਸੀ ਰੰਨ ਵਾਂਗੂੰ ਮੂੰਹ ਵੱਟਕੇ ਪਰ੍ਹੇ ਨੂੰ ਲੰਘਦਾ। ਇਹਨਾਂ ਬੇਕਿਰਕ ਹਾਲਾਤਾਂ ਨੇ ਮਨੁੱਖ ਦਾ ਸਰੂਪ ਹੀ ਧਰਤੀ 'ਤੇ ਭੁਰਭੁਰਾ ਜਿਹਾ ਕਰ ਦਿੱਤਾ ਹੋਇਆ। ਪਤਾ ਨਹੀਂ ਹੁਣ ਕਿਹੜੇ ਪਾਸਿਓਂ ਆਉਂਦੀ ਮੌਤ, ਕਿਸ ਵੇਲੇ ਤੇ ਕਿੱਥੇ ਦੱਬ ਲਵੇ।

ਓ.ਪੀ.ਡੀ. 'ਚ ਬੈਠਾ ਈ ਘੜੀ-ਮੁੜੀ ਮੂੰਹ ਲੱਗੇ ਮਾਸਕ ਅੰਦਰ ਹੀ ਲੰਬੇ ਲੰਬੇ ਸਾਹ ਲੈਂਦਾ, ਆਪਣੇ-ਆਪ ਨੂੰ ਠੀਕ-ਠਾਕ ਹੋਣ ਦਾ ਭਰਮ ਪਿਆ ਪਾਲਦਾਂ ।

ਨਰਸਾਂ ਨੂੰ ਨਾਲ ਲੈ ਕੇ ਅੰਦਰ ਇੰਨਡੋਰ 'ਚ ਪਏ ਮਰੀਜ਼ਾਂ ਨੂੰ ਜਾ ਚੈਕ ਕਰਦਾ। ਜਿਵੇਂ ਬੰਦੇ ਮੌਤ ਦੇ ਜੁਬਾੜੇ 'ਚ ਪਏ ਹੋਏ । ਜਿਹੜੇ ਆਕਸੀਜਨ ਟੀਕੇ ਗੁਲੂਕੋਜ਼ 'ਚੋਂ ਜ਼ਿੰਦਗੀ ਦੀਆਂ ਕੁਝ ਹੋਰ ਘੜ੍ਹੀਆਂ ਭਾਲ ਰਹੇ। ਵੇਟਿੰਗ ਹਾਲ 'ਚ ਵੀ ਮਰੀਜ਼ ਹੀ ਮਰੀਜ਼। ਉਨ੍ਹਾਂ ਤੋਂ ਦੂਰੀ ਬਣਾ ਕੇ ਲੰਘਦਾਂ । ਇਸ ਜਾਲ 'ਚ ਆਇਆ ਫਸਿਆ ਮਰੀਜ਼ ਹੀ ਨਹੀਂ ਮਰਦਾ। ਡਾਕਟਰ ਵੀ ਮੌਤ ਦੇ ਬੁੱਥੇ ਆਏ ਹੋਏ।

ਸੋਚਦਾਂ ਕਿੰਨੇ ਮਹੀਨੇ ਹੋ ਗਏ ਕਹਾਣੀ ਤਿਆਰ ਹੀ ਨਹੀਂ ਹੋ ਸਕੀ। ਦਿਲ ਨੂੰ ਖੋਹ ਜਿਹੀ ਪੈਂਦੀ ਭਾਵ ਕਹਾਣੀ ਪੜ੍ਹਨੀ ਤੇ ਲਿਖਣੀ ਇਸ ਤੋਂ ਬਗੈਰ ਰਹਿ ਵੀ ਨਹੀਂ ਸਕਦਾ। ਵਰ੍ਹੇ ਹੋ ਗਏ, ਡਾਕਟਰੀ ਤੇ ਸਾਹਿਤ ਦੀਆਂ ਦੋ ਬੇੜੀਆਂ 'ਚ ਸਵਾਰ ਹੋਇਆਂ ਨਿਰੰਤਰ ਤੁਰਿਆ ਜਾ ਰਿਹਾਂ। ਕਹਿੰਦੇ ਦੋ ਬੇੜੀਆਂ 'ਚ ਪੈਰ ਰੱਖਣ ਵਾਲੇ ਅਕਸਰ ਡੁੱਬ-ਮਰ ਜਾਂਦੇ। ਪਾਰ ਨਹੀਂ ਲੱਗਦੇ। ਪਰ ਮੈਂ ਡੁੱਬਣ ਤੋਂ ਅਜੇ ਬਚਿਆ ਹੋਇਆਂ। ਹੁਣ ਤਾਂ ਮੌਤ ਰੂਪੀ ਤੀਜੀ ਕਰੋਨਾ ਦੀ ਬੇੜੀ ਦੇ ਵੀ ਚੱਪੂ ਮਾਰਨ ਡਿਹਾਂ। ਲੱਗਦਾ ਦੋ ਟੰਗਾਂ ਵਾਲੇ ਨੂੰ ਹੁਣ ਤੀਜੀ ਨੇ ਤਾਂ ਥਕਾ-ਥਕਾ ਹਫ਼ਾ ਹੀ ਦਿੱਤਾ ਹੋਇਆ। ਜਿਵੇਂ ਮੇਰੀ ਬੇਵਾਹ ਹੁੰਦੀ ਜਾ ਰਹੀ ਹੋਵੇ।

ਪਰ ਇਕ ਗੱਲੋਂ ਹੈਰਾਨ ਵੀ ਹਾਂ, ਪਹਿਲਾਂ ਵਿਸ਼ੇ ਲੱਭਣ ਲਈ ਖੋਜ ਕਰਨੀ ਪੈਂਦੀ ਸੀ। ਹੁਣ ਦੇਖਦਾਂ, ਇਸ ਗੱਲੋਂ ਮੌਜ ਹੋ ਗਈ, ਆਲੇ-ਦੁਆਲੇ ਕਹਾਣੀਆਂ ਹੀ ਕਹਾਣੀਆਂ। ਵਿਸ਼ੇ ਹੀ ਵਿਸ਼ੇ। ਪਰ ਤੰਦਾਂ ਕਿਧਰੋਂ ਫੜਾਂ ਤੇ ਕਿਧਰੋਂ ਛੱਡਾਂ। ਸਮਝ ਨਹੀਂ ਲੱਗ ਰਹੀ ਕਿਉਂਕਿ ਮਰੀਜ਼ ਔਖੇ ਸਾਹ ਲੈਂਦੇ। ਤੜਫਦੇ। ਇਕ ਉਦਾਸ ਤੇ ਮਰੀ-ਮੁੱਕੀ ਜਿਹੀ ਕਹਾਣੀ ਬਣੇ ਹੋਏ। ਜਿਵੇਂ ਇਹਨਾਂ ਦੇ ਸਾਹਾਂ 'ਚੋਂ ਨਿਕਲਦੇ ਕਰੋਨਾ ਦੇ ਕੀਟਾਣੂ ਹਸਪਤਾਲ ਦੀਆਂ ਕੰਦਾਂ 'ਤੇ ਸਿਉਂਕ ਵਾਂਗੂੰ ਰੀਂਘਦੇ-ਫਿਰਦੇ ਮਹਿਸੂਸ ਹੁੰਦੇ। ਲੋਕ ਤਾਂ ਅੱਗੇ ਹੀ ਦੁਖੀ ਹੋਏ ਵਿਲਕ ਰਹੇ। ਇਹਨਾਂ ਹਾਲਾਤਾਂ 'ਚ ਕਹਾਣੀ ਲਿਖਣੀ ਤਾਂ ਕੀ ਪੜ੍ਹਨ ਦਾ ਸਮਾਂ ਵੀ ਕਿੱਥੇ।

ਪਰ ਮੇਰੇ ਅੰਦਰ ਏਨੀ ਕਾਹਲ ਕਿ ਜਲਦੀ-ਜਲਦੀ ਕੋਈ ਕਹਾਣੀ ਲਿਖਾਂ ਤੇ ਮੈਗਜ਼ੀਨ ਨੂੰ ਭੇਜਾਂ। ਕਹਾਣੀ ਛਪੇ ਨੂੰ ਹੁਣ ਕਈ ਮਹੀਨੇ ਹੋ ਗਏ। ਦੋਸਤਾਂ-ਮਿੱਤਰਾਂ ਦੀਆਂ ਕਹਾਣੀਆਂ



ਰਸਾਲਿਆਂ 'ਚ ਛਪੀਆਂ ਦੇਖਦਾਂ-ਪੜ੍ਹਦਾਂ ਤਾਂ ਮਨ 'ਚ ਜੈਲਸੀ ਹੁੰਦੀ। ਇਹੋ ਜਿਹੀ ਤਾਂ ਮੈਨੂੰ ਲਿਖਣੀ ਚਾਹੀਦੀ ਸੀ। ਕਿਉਂ ਨਹੀਂ ਲਿਖ ਸਕਿਆ। ਏਨੇ ਨੂੰ ਹੋਰ ਰਸਾਲਾ ਡਾਕ ਰਾਹੀਂ ਆ ਜਾਂਦਾ। ਕਿਸੇ ਹੋਰ ਕਹਾਣੀਕਾਰ ਦੋਸਤ ਦੀ ਚੰਗੀ ਛਪੀ ਕਹਾਣੀ ਮੈਨੂੰ ਵਲੂੰਧਰ ਕੇ ਸੁੱਟ ਦੇਂਦੀ। ਮੈਂ ਕਿਉਂ ਔੜ ਮਾਰੇ ਇਲਾਕੇ ਵਾਂਗੂੰ ਬੰਜ਼ਰ ਹੋਇਆ ਬੈਠਾਂ। ਕਿਉਂ ਪਛੜਿਆ ਹੋਇਆਂ।

ਮੇਰੇ ਦੁਆਲੇ ਕਿੰਨਾ ਕੁਝ ਟੁਕੜਿਆਂ 'ਚ ਖਿਲਰਿਆ-ਪੁਲਰਿਆ ਜਿਹਾ ਪਿਆ ਹੋਇਆ। ਜੋ ਕੁਰੇਦਦਾ ਪਿਆ ਰਹਿੰਦਾ। ਲਖਿਣ ਲਈ ਹੁੱਝਾਂ ਮਾਰਦਾ। ਦਿਮਾਗ਼ 'ਚ ਖਲਲ ਪਾਈ ਰੱਖਦਾ। ਕਈ ਵਾਰ ਜਾਪਦਾ, ਕੁਝ ਕੁ ਕਹਾਣੀਆਂ ਲਿਖਕੇ ਕਿਤੇ ਮੇਰੇ ਅੰਦਰਲੇ ਕਹਾਣੀਆਂ ਵਾਲੇ ਕਣ ਤਾਂ ਨਹੀਂ ਸੁੱਕ ਗਏ। ਹੁਣ ਸਾਹਮਣੇ ਦਿਸਦੀ ਮੌਤ ਵਾਲੇ ਹਾਲਾਤਾਂ 'ਚ ਕਿੱਥੇ ਲਿਖੀ ਜਾਣੀ ਕਹਾਣੀ। ਹਫ਼ੜਾ-ਦਫ਼ੜੀ 'ਚ ਡਰੇ ਹੋਏ ਪਾਤਰ ਤਾਂ ਮਰੀਜ਼ ਬਣੇ ਸਹਿਕ ਰਹੇ। ਰਹਿੰਦੇ ਘਬਰਾਏ। ਤੇ ਘਰਾਂ 'ਚ ਲੁਕੇ ਹੋਏ। ਇਧਰ ਡਰਿਆ ਹੋਇਆ ਡਾਕਟਰ, ਜਿਸਦੇ ਡਰੇ ਹੋਏ ਦਿਮਾਗ਼ 'ਚ ਵੜਿਆ ਕਰੋਨਾ ਦਾ ਕੀੜਾ ਜਰਲਾਅ ਰਿਹਾ। ਉਹੋ ਜਿਹਾ ਕਹਾਣੀਕਾਰ ਫਿਰ ਕੀ ਲਿਖੂ ਕਹਾਣੀ।

ਲੋਕ ਮੇਰੇ ਅੱਗੇ ਇਵੇਂ ਹੱਥ ਜੋੜਦੇ ਜਿਵੇਂ ਉਨ੍ਹਾਂ ਦੇ ਮਰੀਜ਼ਾਂ ਨੂੰ ਬਚਾਉਣ ਵਾਲਾ ਦੂਜਾ ਰੱਬ ਹੋਵਾਂ। ਪਰ ਮੈਨੂੰ ਆਪਣੇ-ਆਪ 'ਤੇ ਤਰਸ ਪਿਆ ਆਉਂਦਾ। ਕਿੱਥੇ ਰੱਬ ਸਾਂ। ਮੈਂ ਤਾਂ ਮੌਤ ਤੋ ਡਰਦਾ ਘੜੀ-ਮੁੜੀ ਹੱਥ ਸਾਬਣ ਤੇ ਸੈਨੇਟਾਈਜ਼ਰ ਨਾਲ ਧੋਈ ਜਾਣ ਵਾਲਾ ਲਾਚਾਰ ਮਨੁੱਖ ਸਾਂ। ਬਾਹਰੋਂ ਸ਼ੇਰ ਜਾਪਦਾ। ਪਰ ਅੰਦਰਲੀ ਹਾਲਤ ਗਿੱਦੜ ਵਰਗੀ ਬਣੀ ਹੋਈ। ਇਹੋ ਜਿਹੇ ਗੰਧਲੇ ਮਹੌਲ 'ਚ ਕਹਾਣੀ ਹੋਰ ਵੀ ਦੂਰ ਭੱਜਦੀ। ਕਹਾਣੀ ਤਾਂ ਸ਼ਾਂਤ ਮਾਹੌਲ 'ਚ ਠੰਡੇ ਦਿਮਾਗ਼ ਨਾਲ ਵਿਚਰਦਿਆਂ ਨੇੜੇ ਨੇੜੇ ਖਿੱਚੀ ਪਈ ਤੁਰੀ ਆਉਂਦੀ। ਜਿਵੇਂ ਪੀਉ ਪੀਉ... ਕਰਦੇ ਪੰਛੀ ਦੀ ਆਵਾਜ਼ ਫਿਜ਼ਾ 'ਚ ਫੈਲਦੀ। ਫਿਰ ਉਸਦੀ ਮਹਿਬੂਬਾ ਪੱਤਿਆਂ ਉਹਲੇ ਛੁਪੀ, ਚੌਕੰਨੀ ਹੁੰਦੀ, ਆਪਣੇ ਮਹਿਬੂਬ ਵੱਲ ਆਪ ਮੁਹਾਰੀ ਹੀ ਉਡਦੀ ਆ ਜਾਵੇ।

ਅਗਲੇ ਦਿਨੀਂ ਸਵੇਰੇ ਸੱਤ ਵਜੇ ਉਠਿਆਂ। ਤਨ-ਮਨ ਨਿਢਾਲ ਜਿਹਾ ਹੋਇਆ ਪਿਆ। ਜੀਅ ਕੀਤਾ ਇਵੇਂ ਹੀ ਬੈਡ 'ਤੇ ਕੰਬਲ ਲਈ ਗੁੱਛਾ-ਮੁੱਛਾ ਹੋਇਆ ਪਿਆ ਰਹਾਂ। ਬਾਹਰ ਨਿਕਲਣ ਨੂੰ ਤਾਂ ਮਨ ਨਹੀਂ ਮੰਨਦਾ। ਜਾਪਦਾ ਮੌਤ ਆਸ-ਪਾਸ ਹੀ ਤੁਰੀ ਫਿਰਦੀ, ਕਿਤੇ ਦਬੋਚ ਨਾ ਲਵੇ। ਬਾਕੀ ਜੀਅ ਅਜੇ ਵੀ ਸੁੱਤੇ ਪਏ ਹੋਏ।

ਅੱਜ ਕਿੰਨੇ ਦਿਨਾਂ ਬਾਅਦ, ਛੱਤ ਦੇ ਵਿਹੜੇ 'ਚ ਸੈਰ ਕਰ ਰਿਹਾਂ। ਬੁੱਢਿਆਂ ਵਾਲੀ ਮੱਠੀ ਤੋਰ। ਪਰ ਬਹੁਤਾ ਸੁਆਦ ਨਹੀਂ ਆ ਰਿਹਾ। ਜਿਵੇਂ ਆਲੇ ਦੁਆਲੇ 'ਚ ਹੁੰਮਸ ਵਰਗੀ ਦਹਿਸ਼ਤ ਹੋਵੇ। ਅਚਾਨਕ ਮੇਰਾ ਧਿਆਨ ਬੈਡ ਰੂਮ ਦੀ ਸਾਈਡ ਵਾਲੀ ਕੰਧ ਵਲ ਗਿਆ। ਉਥੇ ਲੱਗੇ ਏ.ਸੀ. ਦੇ ਕੰਪਰੈਸ਼ਰ 'ਤੇ ਕਬੂਤਰਾਂ ਨੇ ਆਲ੍ਹਣਾ ਪਾਇਆ ਹੋਇਆ। ਜਿਵੇਂ ਉਪਰ ਤੀਲਿਆਂ ਦੀ ਕਿਸੇ ਪੰਡ ਲਿਆ ਸੁੱਟੀ ਹੋਵੇ। ਹਾਲਾਤ ਇਹ ਬਣੇ ਹੋਏ, ਜਿਵੇਂ ਰੁੱਸੀ ਰੰਨ ਝਾਟਾ ਖਿਲਾਰੀ, ਵਿੱਚੋਂ ਆਲਾ ਦੁਆਲਾ ਤਾੜ ਰਹੀ ਹੋਵੇ।

ਖੌਰੇ ਪੰਛੀ ਕਿੰਨੇ ਦਿਨਾਂ ਤੋਂ ਤੀਲੇ ਪੱਤੇ ਸੇਬੇ 'ਕੱਠੇ ਕਰ ਰਹੇ। ਮੈਨੂੰ ਵੇਖ ਹੋਰੂ-ਹੋਰੂ

ਜਿਹਾ ਝਾਕਦੇ, ਚੌਕੰਨੇ ਜਿਹੇ ਹੋ ਗਏ ਜਾਪੇ। ਕਬੂਤਰ ਵੀ ਅੱਜਕਲ੍ਹ ਬੜੀ ਤਪਸ਼ ਨੂੰ ਮੰਨਣ ਲੱਗ ਪਏ। ਏਸੇ ਲਈ ਆਉਣ ਵਾਲੀਆਂ ਗਰਮੀਆਂ ਲਈ ਏ.ਸੀ. ਦੇ ਕੰਪਰੈਸ਼ਰ ਨੂੰ ਹੀ ਚੁਣਿਆ। ਲੈਂਟਰ ਥੱਲੇ ਆਲ੍ਹਣਾ ਬਣਾ ਧਰਿਐ। ਰੁੱਖ ਚੰਗੇ ਨਹੀਂ ਲੱਗਦੇ ਹੋਣੇ। ਖੌਰੇ ਧੁੱਪਾਂ ਤੇ ਹਨੇਰੀਆਂ ਕਰਕੇ ਹਰ ਵੇਲੇ ਆਲ੍ਹਣਿਆਂ ਦੇ ਡਿਗੱਣ-ਢਹਿਣ ਦਾ ਖਤਰਾ ਬਣਿਆ ਰਹਿੰਦਾ। ਇਹ ਵੀ ਸਮੇਂ ਨਾਲ ਕਿੰਨੇ ਸਿਆਣੇ ਹੋ ਗਏ। ਨਾਲੇ ਲੋਕਾਂ ਰੁੱਖ ਛੱਡੇ ਵੀ ਕਿੰਨੇ ਕੁ। ਜਿੱਧਰ ਦੇਖੋ ਧਰਤੀ ਰੁੰਡ-ਮਰੁੰਡ ਹੋਈ ਪਈ। ਨਾ ਸਾਫ਼ ਪਾਣੀ। ਨਾ ਸ਼ੁੱਧ ਹਵਾ।

ਚਲੋ ਇਹ ਤਾਂ ਠੀਕ ਏ, ਪਰ ਇਵੇਂ ਕੋਠੀ ਦੀ ਕੰਧ ਕਿੰਨੀ ਬੁਰੀ ਲੱਗ ਰਹੀ। ਕੋਈ ਰਿਸ਼ਤੇਦਾਰ ਦੋਸਤ-ਮਿੱਤਰ ਆ ਜਾਵੇ ਤਾਂ ਕੀ ਕਹੂ। ਦਲਿੱਦਰ ਦੇ ਮਾਰਿਆਂ ਕੋਲ ਏਨੀ ਵੀ ਹਿੰਮਤ ਨਹੀਂ, ਲਾਹ ਕੇ ਪਰ੍ਹੇ ਸੁੱਟਣ। ਇਵੇਂ ਤਾਂ ਕੰਪਰੈਸ਼ਰ ਖ਼ਰਾਬ ਹੀ ਹੋਊ, ਸਾਫ਼ ਪਿਆ ਦਿਸਦਾ। ਤਾੜੀ ਮਾਰਦਿਆਂ ਹਲਾ-ਹਲਾ ਕੀਤਾ। ਦੋਵੇਂ ਬਾਹਰ ਨਿਕਲ ਫੜ-ਫੜ ਕਰਕੇ ਸੜਕ 'ਤੇ ਲੱਗੇ ਪਿੱਪਲ ਵੱਲ ਭੱਜੇ। ਚੀਨੇ ਕਬੂਤਰ। ਇਹਨਾਂ ਚੀਨਿਆਂ ਨੇ ਤਾਂ ਅੱਗੇ ਹੀ ਦੁਨੀਆਂ ਨੂੰ ਵਖ਼ਤ ਪਾਇਆ ਹੋਇਆ। ਇਹ ਤਾਂ ਮੈਨੂੰ ਵੀ ਨਹੀਂ ਪਤਾ ਚਿੱਟੇ ਰੰਗ ਕਰਕੇ ਕਹਿੰਦੇ ਜਾਂ ਕਿਸ ਕਰਕੇ। ਪਰ ਇਹਨਾਂ ਦਾ ਨਾਂ ਚੀਨੇ ਕਬੂਤਰ ਕਿਉਂ ਪਿਆ ਹੋਉ। ਹੋ ਸਕਦਾ ਕਦੇ ਇਹਨਾਂ ਦੇ ਵੱਡੇ ਵਡੇਰੇ ਚੀਨ ਤੋਂ ਹੀ ਆਏ ਹੋਣ/ਬਾਕੀ ਰੱਬ ਜਾਣੇ। ਪਰ ਕਰੋਨਾ ਵੀ ਤਾਂ ਚੀਨ ਤੋਂ ਹੀ ਸ਼ੁਰੂ ਹੋਇਆ। ਚੀਨ ਹੀ ਕਰੋਨਾ ਦਾ ਜਨਮ ਦਾਤੈ। ਸਾਰੀ ਦੁਨੀਆਂ ਚੀਨਿਆਂ ਨੂੰ ਗਾਲ੍ਹਾਂ ਪਈ ਕੱਢ ਰਹੀ। ਉਸਨੂੰ ਸਾਮ੍ਹਣੇ ਬੈਠੇ ਕਬੂਤਰ ਚੀਨ ਦੇ ਭੇਜੇ ਯਮਦੂਤ ਹੀ ਲੱਗੇ। ਜਿਹੜੇ ਉਸਦੇ ਘਰ 'ਚ ਆ ਡੇਰਾ ਜਮਾਈ ਬੈਠੇ ਹੋਏ। ਇਹਨਾਂ ਦਾ ਏਥੇ ਹੋਣਾ ਮੈਨੂੰ ਸ਼ੁਭ ਸ਼ਗਨ ਨਹੀਂ ਜਾਪਦਾ।

ਉਸਦੇ ਅੰਦਰ ਚੀਨਿਆਂ ਪ੍ਰਤੀ ਹੋਰ ਵੀ ਗੁੱਸਾ ਭਰ ਗਿਆ। ਜੇ ਹੁਣੇ ਹੀ ਮੇਰੇ ਹੱਥ ਪਿਸਤੌਲ ਹੋਵੇ ਤਾਂ ਇਨ੍ਹਾਂ ਨੂੰ ਗੋਲੀਆਂ ਮਾਰ-ਮਾਰ ਭੁੰਨ ਦੇਵਾਂ। ਉਸਨੂੰ ਚੀਨ ਜਾਂ ਚੀਨ ਦੇ ਨਾਂ ਵਾਲੀ ਹਰੇਕ ਵਸਤੂ ਤੋਂ ਹੀ ਨਫ਼ਰਤ ਹੋਈ ਪਈ। ਉਧਰ ਪਿੱਪਲ 'ਤੇ ਬੈਠੇ ਕਬੂਤਰ ਖੌਰੇ ਕੀ ਸੋਚ ਰਹੇ। ਪਰ ਦੋਵੇਂ ਉਵੇਂ ਹੀ ਚੁੱਪ-ਚਾਪ ਸ਼ਾਂਤ ਤੇ ਉਦਾਸ ਜਿਹੇ। ਕੋਈ ਖ਼ਰੂਦ ਵੀ ਨਹੀਂ ਕਰ ਰਹੇ। ਤੜਫ ਤਾਂ ਉਹ ਆਪ ਹੀ ਰਿਹਾ ਸੀ।

ਆਲ੍ਹਣੇ ਦੇ ਥੱਲੇ ਬਿੱਠਾਂ ਦਾ ਢੇਰ ਲੱਗਾ ਹੋਇਆ। ਨਾ ਸਹਿਣਯੋਗ ਬਦਬੂ ਆ ਰਹੀ। ਉਸਨੇ ਲਾਗੇ ਪਿਆ ਫ਼ਰਸ਼ ਸਾਫ਼ ਕਰਨ ਵਾਲਾ ਵਾਈਪਰ ਫੜਿਆ, ਉਪਰ ਨੂੰ ਘੁਮਾ ਦਿੱਤਾ। ਸਕਿੰਟਾਂ 'ਚ ਹੀ ਸਾਰਾ ਆਲ੍ਹਣਾ ਤੀਲਾ-ਤੀਲਾ ਹੁੰਦਾ ਹੇਠਾਂ ਢੇਰ ਹੋ ਗਿਆ।

ਇੱਕ ਦਿਨ ਛੋਟੇ ਭਰਾ ਨੇ ਅਚਨਚੇਤ ਸ਼ਿਕਾਇਤ ਕੀਤੀ, ਉਸਨੂੰ ਦੋ ਕੁ ਦਿਨ ਤੋਂ ਖੰਘ ਆ ਰਹੀ ਤੇ ਬੁਖ਼ਾਰ ਵੀ ਚੜ੍ਹ ਰਿਹਾ। ਚਲੋ ਮਾੜੀ ਮੋਟੀ ਖੰਘ, ਬੁਖ਼ਾਰ ਅੱਜਕਲ੍ਹ ਹਰੇਕ ਨੂੰ ਹੀ ਹੋ ਰਿਹਾ। ਠੀਕ ਹੋ ਜੂ ਦਿਹਾੜੀ ਡੰਗ 'ਚ। ਉਸਦੇ ਘਰੇ ਹੀ ਦਵਾਈ ਦੇ ਕੇ ਇੱਕ ਕਮਰੇ 'ਚ ਟਿਕੇ ਰਹਿਣ ਲਈ ਹਦਾਇਤਾਂ ਕਰ ਆਇਆ।

ਅਗਲੇ ਦਿਨ ਫਿਰ ਸੈਰ ਕਰਨ ਲਈ ਮੂਡ ਬਣਿਆ। ਉਸਦਾ ਧਿਆਨ ਕੌਰਨਰ ਵੱਲ ਗਿਆ। ਤੀਲੇ ਤੇ ਕੱਖ ਫਿਰ ਲਿਆ ਕੇ ਫਸਾਏ ਹੋਏ। ਵਿੱਚ ਬੈਠੇ ਕਬੂਤਰ ਗੁਟਕ ਰਹੇ ਤੇ ਅਜਬ ਜਿਹੀਆਂ ਹਰਕਤਾਂ ਕਰ ਰਹੇ। ਦੋਵੇਂ ਹਵਾ ਪਿਆਜ਼ੀ ਹੋਏ ਖੰਭ ਖਿਲਾਰਦੇ ਆਪੇ ਹੀ



ਬਾਹਰ ਨਿਕਲ ਆਏ। ਛੂਹਾ-ਛੂਹੀ ਕਰਨ ਲੱਗੇ। ਫਿਰ ਅਸਮਾਨੇ ਉਚੀ ਉਡਾਣ ਫੜ ਲਈ। ਦੂਰੋਂ ਟਿਮਟਿਮਾਉਂਦੇ ਤਾਰਿਆਂ ਵਰਗੇ ਲੱਗਣ ਲੱਗੇ। ਜਦੋਂ ਥੱਕੇ ਹਾਰੇ ਅਸਮਾਨੋਂ ਉਤਰੇ ਤਾਂ ਪਿੱਪਲ ਦੀ ਸਿਖਰਲੀ ਟਹਿਣੀ 'ਤੇ ਆ ਬੈਠੇ। ਆਪਣੇ ਆਲ੍ਹਣੇ ਵਾਲੀ ਜਗ੍ਹਾ ਨੂੰ ਨਿਹਾਰਦੇ ਜਾਪੇ। ਜਿਵੇਂ ਕੁਝ ਨਵੀਆਂ ਵਿਉਂਤਾਂ ਬਣਾਉਂਦੇ, ਕਿਸੇ ਨਵੀਂ ਸਿਰਜਣਾ ਦੇ ਆਹਰ 'ਚ ਹੋਣ। ਕਦੇ ਇਕ ਦੂਜੇ ਦੀ ਧੌਣ ਤੇ ਧੌਣ ਰੱਖਦੇ, ਲਾਡ-ਪਿਆਰ ਜਿਹਾ ਕਰਦੇ। ਕਦੇ ਚੁੰਜਾਂ ਨਾਲ ਇੱਕ ਦੂਜੇ ਦੇ ਖੰਭਾਂ 'ਚ ਖਰਖ਼ਰਾ ਵੀ ਕਰਨ ਲੱਗਦੇ। ਇਹ ਸਭ ਕੁਝ ਉਹਨੂੰ ਪਤੀ-ਪਤਨੀ ਵਾਲੇ ਗ੍ਰਹਿਸਤੀ ਜੀਵਨ ਵਰਗਾ, ਤਾਣਾ ਬਾਣਾ ਜਿਹਾ ਹੀ ਜਾਪਦਾ। ਫਿਰ ਉਹ ਇਕ-ਦੂਜੇ 'ਤੇ ਲੇਟਦੇ, ਜਿਵੇਂ ਬੇਸ਼ਰਮ ਜਿਹੀਆਂ ਹਰਕਤਾਂ 'ਤੇ ਉਤਰ ਆਏ ਹੋਣ। ਉਨ੍ਹਾਂ ਦਾ ਇਵੇਂ ਕਰਨ ਦਾ ਢੰਗ-ਤਰੀਕਾ ਉਸਨੂੰ ਬੜਾ ਅਸ਼ਲੀਲ ਜਿਹਾ ਜਾਪਦਾ। ਇਹ ਬਾਲ-ਬੱਚਿਆਂ ਵਾਲਾ ਘਰ ਏ। ਜੇ ਉਹ ਦੇਖ ਲੈਣ ਤਾਂ ਕੀ ਹੋਵੇਗਾ। ਕਦੇ ਇਹ ਕੁਝ ਦੇਖ-ਦੇਖ ਹਾਸਾ ਵੀ ਆਉਂਦਾ। ਕਦੇ ਅੰਦਰੋਂ ਨਫ਼ਰਤ ਦੀ ਹਵਾੜ ਜਿਹੀ ਵੀ ਉਠਦੀ। ਕਿਵੇਂ ਔਰਤਾਂ-ਮਰਦਾਂ ਵਾਲੇ ਕਾਮ ਉਕਸਾਊ ਚਲਿੱਤਰ ਪਏ ਕਰਨ ਡਹੇ ਨੇ।

ਉਹ ਚੁੱਪ-ਚਾਪ ਸਭ ਕੁਝ ਦੇਖੀ ਜਾ ਰਿਹਾ। ਪੰਛੀਆਂ ਤੇ ਮਨੁੱਖਾਂ ਦੀਆਂ ਹਰਕਤਾਂ ਬਾਰੇ ਸੋਚਦਾ। ਪੰਛੀ ਕੁਦਰਤ ਸੰਗ ਕਿਵੇਂ ਮਦਮਸਤ ਰਹਿੰਦੇ। ਮਨੁੱਖ ਵੀ ਕੁਦਰਤ ਨਾਲ ਹੀ ਰਹਿੰਦਾ। ਪਰ ਉਜਾੜਾ ਕਰਦਾ, ਧੌਂਸ ਜਮਾਉਂਦੈ।

ਪਰ ਕਬੂਤਰ ਤਾਂ ਹੁਣ ਇਕਦਮ ਕਿਤੇ ਅਲੋਪ ਜਿਹੇ ਹੋ ਗਏ। ਕਿਧਰ ਤੁਰ ਗਏ ਹੋਏ। ਮੈਨੂੰ ਦੇਖਕੇ ਡਰ ਗਏ ਜਾਪਦੇ। ਥੋੜੇ ਚਿਰ ਬਾਅਦ ਦੋਵੇਂ ਚੁੰਜਾਂ 'ਚ ਕੁਝ ਤੀਲੇ ਫਸਾਈ ਆਲ੍ਹਣੇ 'ਚ ਆ ਉਤਰੇ। ਨਾ ਇਨ੍ਹਾਂ ਨੂੰ ਆਈ ਕਰੋਨਾ ਪਰਲੋ ਦਾ ਡਰ। ਨਾ ਕੱਲ ਦੇ ਆਲ੍ਹਣਾ ਢਹਿਣ ਦਾ ਫ਼ਿਕਰ। ਆਪਣੀ ਹੀ ਧੁੰਨ 'ਚ ਮਦ-ਮਸਤ। ਸਭ ਕੁਝ ਭੁੱਲ-ਭੁਲਾ ਗਏ ਜਾਪਦੇ। ਉਸਨੂੰ ਗੁੱਸਾ ਆਇਆ। ਕੱਲ ਸਾਫ਼-ਸਫ਼ਾਈ ਕੀਤੀ। ਹੁਣ ਫਿਰ ਉਹੋ ਹੀ ਹਾਲ ਇਹਨਾਂ ਆਸ਼ਕਾਂ ਨੇ ਤਾਂ ਕੰਪਰੈਸ਼ਰ ਦਾ ਜ਼ਰੂਰ ਭੱਠਾ ਬਿਠਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ।

ਉਸ ਵਾਈਪਰ ਚੁੱਕਿਆ। ਉਤਾਂਹ ਆਲ੍ਹਣੇ 'ਚ ਫੇਰਦਿਆਂ, ਜਿੰਨੇ ਕੁ ਤੀਲੇ ਸਨ ਹੇਠਾਂ ਸੁੱਟ ਲਏ. ਕਬੂਤਰ ਤਾਂ ਵਾਈਪਰ ਚੁੱਕਣ ਤੋਂ ਪਹਿਲਾਂ ਹੀ ਉੱਡ ਗਏ। ਉਹ ਗੁੱਸੇ 'ਚ ਬੁੜ-ਬੁੜ ਕਰਦਾ, ਇਹੋ ਹੀ ਥਾਂ ਮਿਲੀ ਸੀ ਕੰਬਖਤੋ। ਪੰਜਾਬ 'ਚ ਹੁਣ ਬਤੇਰੇ ਕਬੂਤਰਖਾਨੇ ਨੇ। ਪੰਜਾਬ ਬਾਹਰਲੇ ਮੁਲਕਾਂ 'ਚ ਕਬੂਤਰ ਬਣ ਉਡ-ਪੁੱਡ ਗਏ। ਹੁਣ ਤਾਂ ਉਨ੍ਹਾਂ ਦੇ ਲਾਵਾਰਸ ਘਰ ਕਬੂਤਰਾਂ ਦੇ ਆਲ੍ਹਣੇ ਹੀ ਬਣਕੇ ਰਹਿ ਗਏ। ਪਰ ਇਨ੍ਹਾਂ ਚੀਨੇ ਕੁਆਰੇ ਆਸ਼ਕਾਂ ਨੂੰ ਕੌਣ ਸਮਝਾਏ।, ਉਥੇ ਰਹੋ। ਜਿੱਥੇ ਜਿੰਦਰੇ, ਘਰਾਂ ਵਾਲਿਆਂ ਨੂੰ ਉਡੀਕਦੇ, ਉਦਾਸੀ ਦੇ ਆਲਮ 'ਚ ਜੂਨ ਪੂਰੀ ਕਰ ਰਹੇ। ਉਹਨਾਂ ਘਰਾਂ 'ਚ ਹੁਣ ਵਿਦੇਸ਼ਾਂ ਤੋਂ ਕਿਸੇ ਨਹੀਂ ਆਉਣਾ। ਬਸ ਕੁਝ ਕੁ ਘਰ ਅਜੇ ਬੁੱਢਿਆਂ ਦੇ ਮਰਨ ਦਾ ਇੰਤਜ਼ਾਰ ਜ਼ਰੂਰ ਕਰ ਰਹੇ ਹੋਏ। ਪਰ ਅਸਾਂ ਤਾਂ ਨਹੀਂ ਕਿਤੇ ਜਾਣਾ। ਨਾ ਕਿਤੇ ਹੋਰ ਜਗ੍ਹਾ ਜਾਣ ਦੀ ਸੰਭਾਵਨਾ ਹੀ ਏ। ਸਾਨੂੰ ਤਾ ਬਖਸ਼ ਦੇਵੋ।

ਦੋ ਦਿਨ ਲੰਘ ਗਏ। ਭਰਾ ਦੀ ਬਿਮਾਰੀ ਤਾਂ ਠੀਕ ਹੋਣ ਦੀ ਜਗ੍ਹਾ ਸਗੋਂ ਵਧ ਗਈ

ਸੀ। ਦਵਾਈਆਂ ਵੀ ਬਦਲ ਬਦਲ ਦੇਖ ਲਾਈਆਂ। ਪਰ ਅਸਰ ਖ਼ਾਸ ਹੋ ਨਹੀਂ ਰਿਹਾ ਕਰੋਨਾ ਦੀ ਰਿਪੋਰਟ ਪਾਜ਼ੇਟਿਵ ਆਈ ਸੀ। ਜਿਵੇਂ ਮੇਰੇ ਹੱਥ-ਪੈਰ ਦੇ ਤੋਤੇ ਹੀ ਉਡ ਗਏ ਹੋਣ। ਉਹਨੂੰ ਹਸਪਤਾਲ ਪ੍ਰਾਈਵੇਟ ਕਮਰੇ 'ਚ ਦਾਖਲ ਕਰ ਦਿੱਤਾ। ਕਰੋਨਾ ਦਾ ਟਰੀਟਮੈਂਟ ਸ਼ੁਰੂ ਹੋਇਆ।

ਏਨੇ ਸਾਰੇ ਮਰੀਜ਼ਾਂ 'ਚ ਹੁਣ ਤਾਂ ਘਰਦਾ ਬੰਦਾ ਵੀ ਸ਼ਾਮਿਲ ਹੋ ਗਿਆ। ਪਹਿਲਾਂ ਹੀ ਮਰੀਜ਼ ਦਾ ਫ਼ਿਕਰ ਸਿਰ ਚੜ੍ਹਿਆ ਹੋਇਆ। ਹੁਣ ਤਾਂ ਭਰਾ ਨੇ ਦਿਮਾਗ਼ ਨੂੰ ਚੱਕਰ ਲਿਆ ਦਿੱਤੇ ਸਨ। ਕਦੇ ਓ.ਪੀ. ਡੀ. ਵੱਲ ਭੱਜਦਾ। ਕਦੇ ਭਰਾ ਦੇ ਕਮਰੇ ਵੱਲ। ਏਨੇ ਨੂੰ ਨਵੀਂ ਐਮਰਜੈਂਸੀ ਆ ਜਾਂਦੀ। ਕੋਈ ਟਿਕ-ਟਿਕਾ ਨਹੀਂ।

ਹੁਣ ਕਹਾਣੀ ਦੇ ਪਾਤਰ ਉਹਦੀ ਕੱਠਪੁਤਲੀ ਕਿੱਥੇ ਬਣ ਰਹੇ। ਉਲਟਾ ਉਸਨੂੰ ਹੀ ਉਂਗਲਾਂ 'ਤੇ ਨਚਾ ਰਹੇ। ਜਿਸ ਉਸਦੀ ਬੇੜੀ ਭੰਵਰ 'ਚ ਡਾਵਾਂ ਡੋਲ ਕਰਕੇ, ਮੰਝਧਾਰ 'ਚ ਫਸਾ ਦਿੱਤੀ ਹੋਈ।

ਜਦੋਂ ਵੀ ਭਰਾ ਵਲ ਗੇੜਾ ਮਾਰਦਾ ਤਾਂ ਉਸਦੀਆਂ ਅੱਖਾਂ ਭਰੀਆਂ ਹੁੰਦੀਆਂ। ਕਮਜ਼ੋਰ ਹੋਇਆ। ਮੇਰੇ ਵੱਲ ਤਰਸ ਭਰੀਆਂ ਅੱਖਾਂ ਨਾਲ ਦੇਖਦਾ " ਮੈਂ ਠੀਕ ਹੋ ਜੂ... ਭਾਜੀ....।"

ਸੱਚੀ ਕਰੋਨਾ ਦੀ ਦਹਿਸ਼ਤ ਨੇ ਉਸਨੂੰ ਅੰਦਰੋਂ, ਖੌਰੇ ਕਿੰਨਾ ਕੁ ਡਰਾ ਕੇ ਵਹਿਮੀ ਜਿਹਾ ਬਣਾ ਦਿੱਤਾ ਹੋਇਆ।

"ਯਾਰ ਕਿਉਂ ਫ਼ਿਕਰ ਕਰਦੈਂ.... ਸਾਰੇ ਕਮਰਿਆਂ 'ਚ ਇਹੋ ਜਿਹੇ ਹੀ ਮਰੀਜ਼ ਨੇ.... ਸਭ ਠੀਕ ਹੋ ਕੇ ਘਰਾਂ ਨੂੰ ਪਰਤ ਰਹੇ.... ਮੇਰੇ ਹੁੰਦਿਆਂ ਪਰਵਾਹ ਹੀ ਨਾ ਕਰ..... ਮੈਂ ਹਾਂ ਨਾ....।" ਮੇਰੇ ਹੌਸਲੇ ਨਾਲ ਉਹ ਕੁਝ ਸੰਭਲ ਜਿਹਾ ਜਾਂਦਾ।

ਇਲਾਜ ਦੋ ਕੁ ਦਿਨ ਚੱਲਦਾ ਰਿਹਾ। ਪਰ ਆਸ ਮੁਤਾਬਕ ਕੋਈ ਫ਼ਰਕ ਨਹੀਂ ਪੈ ਰਿਹਾ। ਸਕਾ ਭਰਾ ਹੋਣ ਕਰਕੇ ਮੈਂ ਜਲਦੀ ਹੀ ਹਥਿਆਰ ਸੁੱਟ ਦਿੱਤੇ। ਨਾਲੇ ਭਰਾ ਦੇ ਇਲਾਜ ਲਈ ਹੋਰ ਰਿਸਕ ਲੈਣ ਦਾ ਮੇਰੇ 'ਚ ਹੌਂਸਲਾ ਨਹੀਂ ਸੀ।

ਸ਼ਹਿਰ ਦੇ ਨਾਮੀ ਹਸਪਤਾਲ ਦੀ ਐਮਰਜੈਂਸੀ 'ਚ ਲਿਜਾ ਕੇ ਦਾਖਲ ਕਰਵਾ ਦਿੱਤਾ। ਆਕਸੀਜਨ ਕਾਫ਼ੀ ਘਟੀ ਹੋਈ। ਉਥੇ ਵੀ ਗਲੂਕੋਜ਼ ਲੱਗ ਗਏ। ਟੀਕੇ 'ਤੇ ਟੀਕੇ ਲੱਗਣ ਲੱਗੇ। ਨਵੇਂ ਟੈਸਟ ਹੋਰ ਰਹੇ। ਛਾਤੀਦਾ ਐਕਸਰਾ ਹੋ ਗਿਆ। ਫੇਫੜਿਆਂ 'ਚ ਕਾਫ਼ੀ ਰੇਸ਼ਾ ਆਇਆ ਹੋਇਆ। ਪਰ ਸ਼ਾਮ ਤੱਕ ਇਲਾਜ ਚੱਲਦਿਆਂ, ਉਹ ਰਾਹਤ-ਮਹਿਸੂਸ ਕਰਨ ਲੱਗਾ। ਕੁਝ ਹੌਂਸਲਾ 'ਚ ਹੋ ਗਿਆ। ਸਾਨੂੰ ਵੀ ਸੁਖ ਦਾ ਸਾਹ ਆਇਆ। ਹੁਣ ਸਭ ਕੁਝ ਸਹੀ ਦਿਸ਼ਾ ਵੱਲ ਚੱਲ ਪਿਆ। ਉਸਦੀ ਘਰਵਾਲੀ ਉਥੇ ਹੀ ਰਹਿ ਪਈ।

ਦੋ ਦਿਨ ਸ਼ਹਿਰ ਜਾਇਆ ਹੀ ਨਾ ਗਿਆ।

ਓ.ਪੀ.ਡੀ. 'ਚ ਸਾਮਣੇ ਚੱਲਦੀ ਐਲ.ਸੀ.ਡੀ. ਦੀ ਸਕਰੀਨ 'ਤੇ ਇਕ ਅਨਾਊਂਸਰ ਤੇਜ਼-ਤੇਜ਼ ਬੋਲ ਰਹੀ। ਖੌਰੇ ਅਫਵਾਹਾਂ ਹੀ ਫੈਲਾਈਆਂ ਜਾ ਰਹੀਆਂ। ਪਰ ਇਹ ਦਹਿਸ਼ਤ ਨੇ ਦਿਲ ਨੂੰ ਡੋਬੂ ਜਿਹਾ ਲਿਆ ਦਿੱਤਾ। ਕਹਿੰਦੀ ਹੁਣ ਕਰੋਨਾ ਹਵਾ 'ਚ ਵੀ ਫੈਲ ਗਿਆ। ਹਾਲਾਤ ਬਦ ਤੋਂ ਬਦਤਰ ਹੋ ਰਹੇ। ਸੁਣਕੇ ਮੇਰਾ ਕੁਰਸੀ 'ਤੇ ਬਹਿਣਾ ਵੀ ਮੁਸ਼ਕਿਲ ਹੋ ਗਿਆ। ਇਵੇਂ ਫਿਰ ਕਿਵੇਂ ਚੱਲੂ, ਸਮਝ ਨਾ ਲੱਗਦੀ, ਇਹ ਕੀ ਹੋਈ ਜਾ ਰਿਹਾ। ਜਿਵੇਂ



ਇਕਦਮ ਆਲੇ-ਦੁਆਲੇ 'ਚ ਸੰਘਣੀ ਧੁੰਦ ਦਾ ਗੁਬਾਰ ਉਠਿਆ, ਧੂੰਏ ਵਾਂਗੂੰ ਫੈਲ ਗਿਆ ਹੋਵੇ।

ਦੋ ਕੁ ਦਿਨ ਇਸੇ ਦਹਿਸ਼ਤ 'ਚ ਬਾਹਰ ਸੈਰ ਕਰਨ ਲਈ ਮਨ ਮੰਨਿਆ ਨਾ। ਹਿੰਮਤ ਹੀ ਨਾ ਪਈ। ਹਸਪਤਾਲੋਂ ਰੋਜ ਰਾਤ ਲੇਟ ਹੋ ਜਾਈਦੈ। ਫੇਰ ਲੇਟ ਸੌਣਾ। ਸਵੇਰੇ ਲੇਟ ਉਠਣਾ। ਪਰ ਅੱਜ ਜਕੋਤਕੀ 'ਚ ਸੈਰ ਕਰਨ ਲਈ ਆਪਣੇ-ਆਪ ਨੂੰ ਤਿਆਰ ਕਰ ਰਿਹਾ। ਇਵੇਂ ਬੈਠਿਆਂ ਕਿਤੇ ਲੱਤਾਂ ਹੀ ਜਾਮ ਨਾ ਹੋ ਜਾਣ। ਹੁਣ ਤਾਂ ਮਹੀਨੇ ਹੋ ਗਏ, ਸਵੇਰੇ ਉਠਦਿਆਂ ਹੀ ਕੋਸਾ ਪਾਣੀ ਪੀਣ ਦੀ ਨਵੀਂ ਹੀ ਆਦਤ ਪਾਈ ਹੋਈ। ਕਹਿੰਦੇ ਕਿਤੇ ਕਰੋਨਾ ਦਾ ਜੀਵ ਗਲ੍ਹੇ 'ਚ ਆ ਵੀ ਜਾਵੇ ਤਾਂ ਗਰਮ ਪਾਣੀ ਨਾਲ ਅੰਦਰੋ ਅੰਦਰ ਹੀ ਮਰ ਮੁੱਕ ਜਾਂਦਾ। ਕੌਰੇ ਮਰਦਾ ਵੀ ਕਿ ਨਹੀਂ ਮਰਦਾ। ਪਰ ਮੈਂ ਤਾਂ ਘਬਰਾਏ ਹੋਏ ਨੇ ਲੱਗਭੱਗ ਆਦਤ ਪਕਾ ਹੀ ਲਈ ਹੋਈ। ਮਰਦਾ ਕੀ ਨਾ ਕਰਦਾ।

ਹਵਾ 'ਚ ਫੈਲੀ ਕਰੋਨਾ ਦੀ ਇਨਫੈਕਸ਼ਨ ਦੇ ਡਰੋਂ ਹੁਣ ਮੂੰਹ 'ਤੇ ਮਾਸਕ ਬੰਨਕੇ ਬਾਹਰ ਵਿਹੜੇ 'ਚ ਆ ਗਿਆ। ਛੱਤ 'ਤੇ ਘੁੰਮਦਾ ਸਾਮ੍ਹਣੇ ਸੜਕ ਵੱਲ ਵੀ ਦੇਖਦਾਂ। ਵਿਰਲਾ-ਟਾਵਾਂ ਕੋਈ ਕੋਈ ਆ ਰਿਹਾ। ਉਨ੍ਹਾਂ ਦੇ ਵੀ ਮਾਸਕ ਬੱਧੇ ਹੋਏ। ਜਿਵੇਂ ਹੁਣ ਬੰਦੇ ਦੇ ਹਰ ਵੇਲੇ ਟਪਰ-ਟਪਰ ਬੋਲਣ, ਦੇ ਵੀ ਕੁਦਰਤ ਨੇ ਹੱਕ ਖੋਹ ਲਏ ਜਾਪਦੇ। ਖੌਰੇ ਕਦੋਂ ਕੀਹਨੇ ਮੌਤ ਦੇ ਮੂੰਹ 'ਚ ਪੈ ਜਾਣਾ। ਏਨੀ ਜਾਇਦਾਦ ਤੇ ਕਾਰੋਬਾਰ ਬਾਰੇ ਸੋਚਦਾਂ । ਇਹਦਾ ਕੀ ਬਣੂ। ਸਭ ਇੱਥੇ ਹੀ ਪਿਆ ਰਹਿ ਜੂ। ਇਹ ਕਿਹੋ ਜਿਹਾ ਮਹੌਲ ਤੇ ਰਹਿਣ ਸਹਿਣ ਬਣ ਗਿਆ ਹੋਇਆ। ਇਵੇਂ ਕਿੰਨਾ ਕੁ ਸਮਾਂ ਚੱਲੂ ਕਿ ਕਦੇ ਖ਼ਤਮ ਵੀ ਹੋਊ ਇਹ ਕੰਜ਼ਰਖਾਨਾ । ਕਿਸੇ ਮਨੁੱਖ ਬਹੁਤੀ ਤਰੱਕੀ ਦੇ ਚੱਕਰਾਂ 'ਚ ਕੁਦਰਤ ਨਾਲ ਆਢਾ ਲਾ ਕੇ ਪੰਗੇ 'ਚ ਤਾਂ ਨਹੀਂ ਪੈ ਗਿਆ। ਉਵੇਂ ਡਾਢਿਆਂ ਨਾਲ ਆਢਾ ਚੰਗਾ ਤਾਂ ਨਹੀਂ ਹੁੰਦਾ। ਮਨੁੱਖ ਤਾਂ ਸੱਚਮੁੱਚ ਅਸਮਾਨ ਨੂੰ ਟਾਕੀਆਂ ਲਾਉਣ ਡਿਹੈ। ਟਿਕ ਕੇ ਰੋਟੀ ਖਾਣੀ ਬੰਦੇ ਨੂੰ ਆਉਂਦੀ ਹੀ ਨਹੀਂ। ਕਿਵੇਂ ਟੁੱਟੇ ਛਿੱਤਰ ਵਾਂਗੂੰ ਵਧਦਾ ਹੀ ਜਾ ਰਿਹਾ। ਰੱਬ ਦੇ ਘਰ 'ਚ ਸਰਾਸਰ ਦਖਲਅੰਦਾਜ਼ੀ। ਇਹੋ ਜਿਹੀ ਹਰਕਤ ਤਾਂ ਆਮ ਬੰਦਾ ਨਹੀਂ ਆਪਣੇ ਘਰੇ ਬਰਦਾਸ਼ਤ ਕਰਦਾ। ਰੱਬ ਕਿਵੇਂ ਸਬਰ ਕਰਦਾ ਹੋਊ। ਇਹੋ ਜਿਹਾ ਹੀ ਕੋਈ ਪੁਆੜਾ ਪਿਆ ਜਾਪਦਾ। ਨਾਲੇ ਬੰਦੇ ਨੇ ਅੱਗਾਂ ਲਾ-ਲਾ ਕੇ ਵਾਤਾਵਰਣ ਦੀ ਜੱਖਣਾ ਵੀ ਤਾਂ ਪੁੱਟੀ ਹੋਈ। ਜ਼ਮੀਨਾਂ, ਫ਼ਸਲਾਂ 'ਤੇ ਪੈਸਟੀਸਾਈਡ, ਖਾਣ-ਪੀਣ ਵਾਲੀਆਂ ਚੀਜ਼ਾਂ 'ਚ ਮਿਲਾਵਟ। ਸਭ ਕੁਝ ਦੂਸ਼ਿਤ। ਇਹ ਕਿਹੜਾ ਕੋਈ ਚੰਗਾ ਕੰਮ ਏ। ਹਰ ਵੇਲੇ ਆਪਣਾ ਹੀ ਉਲੂ ਸਿੱਧਾ ਰੱਖਣਾ। ਹੋਰ ਪਾਸੇ ਸੋਚਣਾ ਹੀ ਨਹੀਂ। ਕੁਦਰਤ ਜਾਵੇ ਢੱਠੇ ਖੂਹ 'ਚ ਰੱਬ ਦੀ ਮਲਕੀਅਤ ਦਾ ਸੱਤਿਆਨਾਸ ਕਰੀ ਜਾਣਾ। ਸਿਰੋਂ ਪਾਣੀ ਲੰਘ ਗਿਆ ਜਾਪਦਾ। ਗੱਲ ਰੱਬ ਦੇ ਬਰਦਾਸ਼ਤ ਤੋਂ ਬਾਹਰ ਹੋ ਗਈ ਜਾਪਦੀ।

ਇਵੇਂ ਸੋਚਦਿਆਂ ਘੁੰਮਦਿਆਂ ਅਚਾਨਕ ਕਬੂਤਰਾਂ ਦੀ ਗੁਟਰ-ਗੁਟਰ ਸੁਣਾਈ ਦਿੱਤੀ। ਉਸਦਾ ਧਿਆਨ ਬਦਲਿਆ। ਅੱਜ ਤਾਂ ਕਮਾਲ ਹੀ ਹੋਈ ਪਈ। ਅੱਠ ਦਸ ਕਬੂਤਰਾਂ ਦਾ ਟੋਲਾ ਆਲ੍ਹਣੇ ਦੇ ਆਲੇ-ਦੁਆਲੇ ਬੈਠਾ ਹੋਇਆ। ਇੰਜ ਜਾਪਦਾ ਜਿਵੇਂ ਸਾਕ-ਸਬੰਧੀ ਮਿਲਣ-ਗਿਲਣ ਆਏ ਹੋਣ। ਜਾਂ ਉਹਦੇ ਵਾਰ-ਵਾਰ ਆਲ੍ਹਣਾ ਢਾਹੁਣ ਕਰਕੇ ਸੰਗੀ-

ਸਾਥੀਆਂ ਦੀ ਮੁਢੀਰ ਮੇਰੇ ਨਾਲ ਆਢਾ ਲੈਣ ਆ ਗਈ। ਪਰ ਉਸਦੇ ਲਾਗੇ ਆਉਂਦਾ ਦੇਖਕੇ, ਇਹ ਬਦਮਾਸ਼ ਟੋਲੀ ਫੜਫੜਾਉਂਦੀ ਤਿਤਰ-ਬਿਤਰ ਹੋ ਗਈ। ਨਿਕਸੁਕ ਤੇ ਤੀਲਿਆਂ ਦਾ ਜਮਾਵੜਾ ਉਵੇਂ ਹੀ ਬਣਿਆ ਹੋਇਆ, ਜਿਵੇਂ ਪਹਿਲੇ ਹੇਠਾਂ ਸੁੱਟੇ ਤੀਲੇ ਫਿਰ ਉਡਕੇ ਆਪਣੇ-ਆਪ ਉਪਰ ਜਾ ਟਿਕੇ ਹੋਣ। ਪਰ ਵਿੱਚ ਲੁਕੇ ਦੋਵੇਂ ਕਬੂਤਰ ਤੀਲਿਆਂ ’ਚੋਂ ਉਸ ਵਲ ਝਾਤੀਆਂ ਮਾਰਦੇ ਜਿਵੇਂ ਚਿੜਾ ਰਹੇ ਹੋਣ। ਜਿਵੇਂ ਉਹਨਾਂ ਮੈਨੂੰ ਇਸ ਘੋਲ ’ਚ ਹਰਾ ਦਿੱਤਾ ਹੋਵੇ। ਚੀਨਿਆਂ ਦੀ ਇਸ ਹਰਕਤ ’ਤੇ ਖਿਝ ਜਿਹੀ ਆ ਗਈ। ਇਹ ਤਾਂ ਅੱਗੇ ਹੀ ਮੇਰੀ ਨਫ਼ਰਤ ਦੇ ਪਾਤਰ ਨੇ। ਘਰ ਦੇ ਮਾਲਕ ਨੂੰ ਤਾਂ ਕੁਝ ਵੀ ਨਹੀਂ ਸਮਝਦੇ। ਪਰ ਇਹਨਾਂ ਚੀਨਿਆਂ ਦੇ ਆਕਾਵਾਂ ਨੇ ਖੌਰੇ ਕੀ ਕਰੋਨਾ ਜਿਹਾ ਬਣਾ ਕੇ, ਦੁਨੀਆਂ ’ਤੇ ਧੂੜਕੇ ਵਖਤ ਪਾ ਦਿੱਤਾ ਹੋਇਆ। ਪਰ ਇਹ ਨਿਡਰ ਹੋਏ ਯਮਦੂਤ ਤਾਂ ਆਲ੍ਹਣੇ ਅੰਦਰ ਬੈਠੇ, ਪਿਆਰ ਕਲੋਲਾਂ ਪਏ ਕਰ ਰਹੇ। ਸਾਲਿਆਂ ਨੂੰ ਮੇਰਾ ਘਰ ਹੀ ਮਿਲਿਆ, ਪੁੱਠੇ ਕੰਮਾਂ ਨੂੰ। ਲੋਕਾਂ ਨੂੰ ਰੋਟੀ ਖਾਣੀ ਹਰਾਮ ਹੋਈ ਪਈ। ਇਨ੍ਹਾਂ ਨੂੰ ਔਰਤਾਂ-ਮਰਦਾਂ ਵਾਲੇ ਚੋਜ ਪਏ ਸੁੱਝ ਰਹੇ। ਜਾਓ ਚੀਨ ’ਚ ਚਲੇ ਜਾਓ। ਉਥੇ ਜਾ ਕੇ ਚੀਨਿਆਂ ਦੇ ਘਰਾਂ ’ਚ ਮਨਾ ਲਓ ਰੰਗ ਰਲੀਆਂ। ਉਹ ਵੀ ਤੁਹਾਡੇ ਵਰਗੇ ਕੰਜਰ ਹੀ ਹੋਣੇ। ਸਾਲੀ ਕਾਮ ਦੇਵਤਾ ਦੀ ਔਲਾਦ।

ਉਸ ਵਾਈਪਰ ਅਜੇ ਚੁੱਕਿਆ ਹੀ ਸੀ। ਕਬੂਤਰਾਂ ਨੂੰ ਜਿਵੇਂ ਪਹਿਲਾਂ ਹੀ ਖੁੜਕ ਗਈ, ਉਹ ਫੜਫੜਾਉਂਦੇ ਉਡ ਪਏ।

ਚੌਥੇ ਕੁ ਦਿਨ ਦੁਪਹਿਰੋਂ ਬਾਅਦ ਸ਼ਹਿਰ ਰਘਬੀਰ ਨੂੰ ਦੇਖਣ ਚਲਾ ਗਿਆ। ਉਹ ਹੁਣ ਲਗਭਗ ਠੀਕ ਹੋ ਗਿਆ ਸੀ। ਉਸ ਨੂੰ ਐਮਰਜੈਂਸੀ ’ਚੋਂ ਕੱਢਕੇ ਪ੍ਰਾਈਵੇਟ ਕਮਰੇ ’ਚ ਪਾ ਦਿੱਤਾ ਹੋਇਆ। ਆਕਸੀਜਨ ਤੇ ਗੁਲੂਕੋਜ਼, ਟੀਕੇ ਵੀ ਪਹਿਲਾਂ ਨਾਲੋਂ ਬਹੁਤ ਹੱਦ ਤੱਕ ਘਟਾ ਦਿੱਤੇ ਹੋਏ।

ਨਿੱਕਾ ਭਰਾ ਗੱਲਾਂ ਕਰਦਾ ਖੁਸ਼ ਹੁੰਦਾ। ਉਹ ਅੱਗੇ ਨਾਲੋਂ ਤਕੜਾ ਜਾਪਦਾ ਤੇ ਰੰਗ ਵੀ ਗੱਲ੍ਹਾਂ ਦਾ ਲਾਲ ਹੋ ਗਿਆ ਸੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਗੁਟਕਦਾ। ਸਰ੍ਹਾਣੇ ਦੀ ਢੋਹ ਲਾ ਕੇ ਟੌਹਰ ਨਾਲ ਬੈਠਾ ਹੋਇਆ। ਮੇਰਾ ਡਰ ਤੇ ਫ਼ਿਕਰ ਉਡ-ਪੁਡ ਗਿਆ ਸੀ। ਡਾਕਟਰਾਂ ਮੁਤਾਬਕ ਅਜੇ ਹਸਪਤਾਲ ਦੋ-ਤਿੰਨ ਦਿਨ ਹੋਰ ਲੱਗਣੇ ਸਨ।

“ਭਾਜੀ ਡਾਕਟਰਾਂ ਦੇ ਕਹੇ, ਹੋਰ ਤਿੰਨ ਦਿਨ ਵੀ ਲੰਘ ਗਏ.... ਮੈਨੂੰ ਛੁੱਟੀ ਦਵਾਓ.... ਮੈਂ ਬਿਲਕੁਲ ਠੀਕ-ਠਾਕ ਹਾਂ... ਮੇਰਾ ਕੰਮ ਰੁਕਿਆ ਹੋਇਆ....।’ ਉਹ ਫ਼ੋਨ ਕਰਦਾ ਵਾਰ-ਵਾਰ ਛੁੱਟੀ ਲਈ ਤਾਕੀਦ ਕਰਦਾ।

“ਦੋ ਦਿਨ ਹੋਰ ਬੈਡ ਤੇ ਅਰਾਮ ਕਰ ਲੈ.... ਮੈਂ ਡਾਕਟਰ ਇੰਦਰ ਨੂੰ ਕਹਿ ਦਿੱਤੈ... ਇੱਥੇ ਵਧੀਆ ਦੇਖ ਭਾਲ ਹੋ ਜਾਂਦੀ... ਫਿਰ ਘਰੇ ਆ ਕੇ ਕੰਮ ਹੀ ਕਰਨਾ... ਕੁਝ ਨਹੀਂ ਹੁੰਦਾ....।’

ਉਹ ਮੇਰੀ ਮੰਨਦਾ ਚੁੱਪ ਹੋ ਜਾਂਦਾ।

ਹੁਣ ਤਾਂ ਸਵੇਰੇ ਜਦੋਂ ਵੀ ਕਦੇ ਸੈਰ ਲਈ ਨਿਕਲਦਾ, ਕਬੂਤਰਾਂ ਦੀਆਂ ਅਵਾਜ਼ਾਂ ਉਹਦੇ ਕੰਨੀਂ ਪਹਿਲਾਂ ਹੀ ਆਣ ਪੈਂਦੀਆਂ। ਖੌਰੇ ਧਿਆਨ ਹੀ ਇਧਰ ਲੱਗਾ ਰਹਿੰਦਾ।



ਹੈਰਾਨ ਹੁੰਦਾ, ਤੀਲੇ ਫਿਰ ਉਵੇਂ ਹੀ ਉਪਰ ਸੱਜੇ ਪਏ ਹੁੰਦੇ। ਨਾ ਇਹ ਜਾਨਵਰ ਅੱਕਦੇ ਨਾ ਥੱਕਦੇ। ਨਾ ਇੱਥੋਂ ਜਾਂਦੇ। ਉਹਦੀ ਗੈਰਹਾਜ਼ਰੀ ’ਚ ਵੀ ਕੰਮ ਉਵੇਂ ਹੀ ਜਾਰੀ ਰੱਖੀ ਰੱਖਦੇ। ਇਹ ਵੀ ਨਾ ਸੋਚਦੇ। ਨਾ ਚਿੰਤਤ ਹੁੰਦੇ। ਜੇ ਇਹ ਸਾਡਾ ਆਲਣਾ ਤੋੜਦੈ ਨੁਕਸਾਨ ਕਰੀ ਜਾਂਦੈ, ਘੜੀ-ਮੁੜੀ ਤੀਲੇ ਲਿਆ-ਲਿਆ ਦੁਬਾਰਾ ਬਣਾਉਣਾ ਪੈਂਦਾ ਤਾਂ ਸਿਆਣਪ ਹੈ ਇਥੋਂ ਹਟਕੇ ਕਿਤੇ ਹੋਰ ਚਲੇ ਜਾਈਏ। ਆਲ੍ਹਣਾ ਹੀ ਪਾਉਣਾ, ਕਿਹੜੀਆਂ ਕੰਕਰੀਟ ਸਰੀਏ ਦੀਆਂ ਕੰਧਾਂ ਬਣਾਉਣੀਆਂ। ਕਿਹੜਾ ਕਿਤੇ ਮਾਡਲ ਟਾਉਨ ਦਾ ਮਹਿੰਗਾ ਫਲੈਟ ਹੀ ਛੱਡਣਾ ਪੈਣਾ। ਜਾਂ ਹੋਰ ਖਰੀਦਣ ਲਈ ਪੈਸੇ ਲੱਗਣੇ। ਆਲ੍ਹਣਾ ਤਾਂ ਕਿਤੇ ਵੀ ਪਾਇਆ ਜਾ ਸਕਦਾ। ਪਰ ਇਹ ਤਾਂ ਇਸ ਟਿਕਾਣੇ ’ਤੇ ਛਾਉਣੀ ਹੀ ਪਾ ਕੇ ਬਹਿ ਗਏ। ਮੁਰੀਦ ਹੀ ਹੋ ਗਏ ਇਸ ਜਗ੍ਹਾ ਦੇ। ਬਾਜ਼ ਨਹੀਂ ਆਉਂਦੇ ਜਾਪਦੇ।

ਉਸਨੂੰ ਖੜੇ-ਖਲੋਤੇ ਇਕ ਨਵੀਂ ਤਰਕੀਬ ਸੁੱਝੀ। ਤੀਲੇ ਵਾਈਪਰ ਨਾਲ ਹੇਠਾਂ ਸੁੱਟੇ। ਫੇਰ ਪੌੜੀ ਲਾ ਕੇ ਖਾਲੀ ਜਗ੍ਹਾ ਗੁਲੂਕੋਜ਼ ਦੀਆਂ ਬੋਦਲਾਂ ਦੇ ਤਿੰਨ-ਚਾਰ ਖਾਲੀ ਡੱਬੇ ਫਸਾ ਦਿੱਤੇ। ਉਸ ਆਪਣਾ ਮੋਰਚਾ ਪੱਕਾ ਕਰ ਲਿਆ ਸੀ। ਤੀਲੇ ਫਸਾਉਣ ਜੋਗੀ ਜਗ੍ਹਾ ਨਹੀਂ ਰਹੀ। ਹੁਣ ਚੀਨੇ ਦੁਸ਼ਮਣ ਹਰ ਹਾਲਤ ’ਚ ਚਿੱਤ ਹੋਣਗੇ।

ਰੋਜ਼ਾਨਾ ਸੈਰ ਕਰਦਿਆਂ ਕਬੂਤਰਾਂ ਵਾਲੇ ਪਾਸੇ ਵੀ ਤਾੜਦਾ ਰਿਹਾ। ਨਾ ਅੱਜ ਕਬੂਤਰ ਦਿਸੇ ਨਾ ਤੀਲੇ। ਉਸ ਸੁਕਰ ਹੀ ਕੀਤਾ, ਚਲੋ ਇਹਨਾਂ ਤੋਂ ਛੁਟਕਾਰਾ ਹੋ ਗਿਆ ਜਾਪਦਾ।

ਰਘਬੀਰ ਨੂੰ ਹਸਪਤਾਲ ਦਾਖਲ ਹੋਇਆਂ ਅੱਜ ਨੌਂਵਾਂ ਦਿਨ ਹੋ ਗਿਆ ਸੀ “ਭਾਜੀ ਮੈਂ ਹੁਣ ਠੀਕ ਆਂ... ਮੈਨੂੰ ਘਰ ਲੈ ਜਾਵੋ.... ਮੇਰੇ ਕੰਮ ਦਾ ਬਹੁਤ ਨੁਕਸਾਨ ਹੋ ਰਿਹੈ.... ਪੈਸੇ ਵੱਖ ਲੱਗ ਰਹੇ.... ਕੀ ਕਰਦੇ ਓ..... ਆ ਜਾਵੋ....।” ਉਹ ਫ਼ੋਨ ’ਤੇ ਖਿਝਿਆ ਬੈਠਾ ਸੀ।

ਸ਼ਾਮ ਦੇ ਛੇਅ ਵੱਜੇ ਹੋਏ। ਹਸਪਤਾਲ ਪਹੁੰਚ ਕੇ, ਹਿਸਾਬ-ਕਿਤਾਬ ਕੀਤੇ ਤੇ ਦਵਾਈਆਂ ਲੈ ਕੇ ਵਾਪਸ ਤੁਰ ਪਏ।

ਇਕ ਪਾਸੇ ਸਾਰੇ ਦੇਸ਼ ’ਚ ਕਰੋਨਾ ਸਿਖਰ ’ਤੇ ਵਧਿਆ ਹੋਇਆ। ਦੂਜੇ ਪਾਸੇ ਦਿੱਲੀ ਦੀ ਸਰਹੱਦ ’ਤੇ ਕੇਂਦਰ ਸਰਕਾਰ ਖਿਲਾਫ਼ ਚੱਲਦਾ, ਕਿਸਾਨ ਅੰਦੋਲਨ ਵੀ ਪੂਰੇ ਜੋਬਨ ’ਤੇ ਸੀ। ਨਾ ਸਰਕਾਰ ਮੰਗਾਂ ਮੰਨ ਰਹੀ। ਨਾ ਕਿਸਾਨ ਪਿੱਛੇ ਹਟ ਰਹੇ। ਹੁਣ ਸਵਾਲ ਇੱਜ਼ਤ ਮਾਨ ਦਾ ਬਣਿਆ ਹੋਇਆ। ਦਿਨੋ-ਦਿਨ ਟਕਰਾਓ ਸਿਖਰ ਵੱਲ ਵਧ ਰਿਹਾ। ਇਸ ਵਿਸ਼ੇ ’ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ, ਭਰਾ ਰਾਜ਼ੀ ਹੋ ਕੇ ਘਰ ਆ ਰਿਹਾ। ਉਸਨੂੰ ਚਾਅ ’ਚ ਗੱਲਾਂ ਫੁਰਦੀਆਂ

ਗੱਡੀ ਘਰ ਅੰਦਰ ਆ ਵੜੀ। ਸਾਰੇ ਜੀਅ ਪਹਿਲਾਂ ਹੀ ਉਡੀਕ ਰਹੇ। ਰਘਬੀਰ ਨੇ ਸਾਰੇ ਘਰ ਨੂੰ ਬਾਹਰੋਂ ਨਿਹਾਰਿਆ। ਜਿਵੇਂ ਬੜੇ ਸਾਲਾਂ ਬਾਅਦ ਕੋਈ ਵਿਦੇਸ਼ੋਂ ਮੁੜਿਆ ਹੋਵੇ। ਬਾਹਰ ਠੰਢ ਸੀ। ਸਾਰੇ ਅੰਦਰ ਆ ਵੜੇ। ਉਹ ਆਪਣੇ ਬੈਡਰੂਮ ’ਚ ਸਿਰਾਏ ਦੀ ਢੋਹ ਲਾ ਕੇ ਬੈਠ ਗਿਆ। ਕਦੇ ਮੁਸਕਰਾਉਂਦਾ। ਕਦੇ ਗੁਟਕਦਾ। ਜਿਵੇਂ ਉਹਦੇ ਘਰ ਆਉਣ ਨਾਲ ਇਹ ਆਲ੍ਹਣਾ ਹੋਰ ਨਿੱਘਾ ਹੋ ਗਿਆ ਹੋਵੇ।

ਕੁਝ ਮਿੰਟ ਮੈਂ ਹੋਰ ਰੁਕਿਆ ਤੇ ਵਾਪਸ ਆਪਣੇ ਘਰ ਹਸਪਤਾਲ ਵੱਲ ਆ ਗਿਆ।

ਰਾਤ ਦੇ 9 ਵੱਜੇ ਹੋਏ। ਨਰਸ ਬਲਜੀਤ ਕੋਲ ਹਿਸਾਬ ਲੈਂਦਿਆ ਅੱਧਾ ਕੁ ਘੰਟਾ ਹੀ ਅਜੇ ਹੋਇਆ ਸੀ

"ਛੇਤੀ ਆ.. ਰਘਬੀਰ ਬਾਥਰੂਮ 'ਚੋਂ ਨਹਾ ਕੇ ਬਾਹਰ ਨਿਕਲਦਿਆਂ ਹੀ ਡਿੱਗ ਪਿਆ....।" ਮਾਂ ਦਾ ਫ਼ੋਨ ਵੱਜਿਆ।

ਮੈਂ ਤੁਰੰਤ ਹੀ ਫਸਟ ਏਡ ਵਾਲਾ ਬੈਗ ਚੁੱਕਿਆ ਤੇ ਘਬਰਾਇਆ ਹੋਇਆ ਮੋਟਰਸਾਈਕਲ 'ਤੇ ਤੇਜੀ ਨਾਲ ਦੌੜਿਆ। ਅਜੇ ਸਾਰੇ ਉਸਨੂੰ ਚੁੱਕਕੇ ਬੈਡ 'ਤੇ ਪਾ ਹੀ ਰਹੇ ਸਨ। ਹਫ਼ੇ ਹੋਏ ਨੇ ਸਟੈਥੋ ਲਾ ਕੇ ਚੈਕ ਕੀਤਾ। ਉਸਦੇ ਦਿਲ ਦੀ ਧੜਕਣ ਨਹੀਂ ਸੀ। ਨਬਜ਼ ਰੁਕੀ ਪਈ। ਬੀ.ਪੀ. ਦਾ ਨਾਂ ਥੇਹ ਵੀ ਨਹੀਂ। ਅੱਖਾਂ ਤਾੜੇ ਲੱਗੀਆਂ ਹੋਈਆਂ। ਚਿਹਰੇ ਦਾ ਰੰਗ ਬੱਗਾ ਪੈ ਗਿਆ ਹੋਇਆ।

"ਮੇਰਾ ਭਰਾ ਨਹੀਂ ਰਿਹਾ ਉਏ.....।" ਮੈਂ ਉਚੀ ਆਵਾਜ਼ 'ਚ ਲੇਰ ਮਾਰੀ ਤੇ ਗੁੱਸੇ 'ਚ ਸਟੈਥੋ ਵਗਾਹ ਕੇ ਸਾਮ੍ਹਣੀ ਕੰਧ ਵੱਲ ਦੇ ਮਾਰਿਆ," ਲੱਖ ਲਾਹਣਤ ਹੈ ਮੇਰੀ ਡਾਕਟਰੀ 'ਤੇ.... ਮੈਂ ਆਪਣੇ ਭਰਾ ਨੂੰ ਬਚਾ ਨਾ ਸਕਿਆ.... ਓ ਰੱਬਾ... ਇਹ ਕੀ ਹੋ ਗਿਆ ਸਾਡੇ ਨਾਲ...।" ਮੇਰਾ ਏਨਾ ਕਹਿਣਾ ਦੀ ਦੇਰੀ ਹੀ ਸੀ। ਸਾਰੇ ਘਰ 'ਚ ਕੁਰਲਾਹਟ ਹੀ ਮੱਚ ਗਈ। ਖੁਸ਼ੀਆਂ ਨੂੰ ਲਾਂਬੂ ਲੱਗ ਗਏ। ਭਾਣਾ ਵਾਪਰ ਗਿਆ। ਕੁਝ ਮਿੰਟ ਪਹਿਲਾਂ ਜੋ ਚੰਗਾ ਭਲਾ ਸੀ, ਹੁਣ ਲਾਸ਼ ਬਣ ਗਿਆ ਹੋਇਆ। ਬਸ ਇਹਨੇ ਹਸਪਤਾਲੋਂ ਆਪਣੇ ਘਰ ਹੀ ਆਉਣਾ ਸੀ। ਇਹ ਕਾਰ 'ਤੇ ਬੈਠਾ ਘਰੇ ਨਹੀਂ ਆ ਰਿਹਾ ਸੀ, ਬਸ ਆਪਣਾ ਆਖ਼ਰੀ ਸਫ਼ਰ ਸਾਡੇ ਨਾਲ ਕੱਟ ਰਿਹਾ ਸੀ। ਮੈਂ ਤਾਂ ਠੀਕ ਹੋ ਕੇ ਆ ਜਾਣ 'ਚ ਆਪਣੀ ਜਿੱਤ ਸਮਝ ਰਿਹਾ ਸਾਂ। ਪਰ ਕੁਦਰਤ ਦਾ ਮੌਤ ਰੂਪੀ ਪੰਜਾ ਵੱਜ ਗਿਆ ਸੀ। ਸਾਡੀ ਮਿਹਨਤ ਦੀ ਵਗਦੀ ਨਦੀ ਵੀ ਉਹਨੂੰ ਤਾਰ ਨਹੀਂ ਸੀ ਸਕੀ। ਸੰਘਣੇ ਹਨ੍ਹੇਰੇ 'ਚ ਬਿਜਲੀ ਲਿਸ਼ਕੀ, ਪਰ ਉਹ ਤਾਂ ਪਾਣੀ ਦੀ ਹੇਠਲੀ ਤਹਿ 'ਚ ਗਾਇਬ ਹੋ ਗਿਆ ਸੀ।

ਸਸਕਾਰ ਤੇ ਭੋਗ ਦੀਆਂ ਰਸਮਾਂ ਵੀ ਝੱਟਪੱਟ ਦਸਾਂ ਕੁ ਦਿਨਾਂ 'ਚ ਮੁੱਕ-ਮੁਕਾ ਗਈਆਂ। ਲੋਕ, ਨਿੱਤ ਆਉਂਦੇ ਤੇ ਅਫ਼ਸੋਸ ਕਰਕੇ ਚਲੇ ਜਾਂਦੇ। ਹੌਲੀ-ਹੌਲੀ ਸਭ ਕੁਝ ਆਮ ਜਿਹਾ ਹੋ ਗਿਆ।

ਕਈ ਦਿਨਾਂ ਤੋਂ ਸੈਰ ਵੀ ਨਹੀਂ ਸਾਂ ਕਰ ਸਕਿਆ। ਮਨ ਮੰਨਦਾ ਹੀ ਨਾ। ਹਿੱਲਣ ਨੂੰ ਵੱਢੀ ਰੂਹ ਨਾ ਕਰਦੀ। ਪਰ ਅੱਜ ਗਰਮ ਪਾਣੀ ਗਲ੍ਹ 'ਚ ਸੁਟਦਿਆਂ, ਅਫ਼ਸੋਸ ਜਿਹੇ ਮਨ ਨਾਲ ਬਾਹਰ ਵਿਹੜੇ ਨੂੰ ਨਿਕਲ ਤੁਰਿਆ। ਭਰਾ ਦਾ ਵਿਛੋੜਾ, ਮੇਰੇ 'ਤੇ ਬੋਝ ਬਣਿਆ ਹੋਇਆ। ਸਭ ਕੁਝ ਬਕਬਕਾ ਜਿਹਾ। ਜਿਵੇਂ ਪੱਤਝੜ ਜਿਹਾ ਖਾਮੋਸ਼ ਮੌਸਮ ਬਣ ਗਿਆ ਹੋਇਆ।

ਘੁੰਮਦਿਆਂ ਕਬੂਤਰਾਂ ਦੀਆਂ ਭਾਰੀਆਂ ਜਿਹੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਮੇਰਾ ਖਿਆਲ ਬਦਲਿਆ। ਨੁੱਕਰ ਵਲ ਗਿਆ। ਕਬੂਤਰਾਂ ਨੇ ਤੀਲਿਆਂ ਦਾ ਜਮਾਵੜਾ ਪਾਇਆ ਹੋਇਆ। ਡੱਬੇ ਫਰਸ਼ 'ਤੇ ਮੂਧੇ ਮੂੰਹ ਡਿੱਗੇ ਪਏ ਹੋਏ। ਕਈ ਦਿਨ ਮੇਰੇ ਇਧਰ ਨਾ ਆਉਣ ਕਰਕੇ ਇਹਨਾਂ ਦਾ ਚੰਗਾ ਦਾਅ ਲੱਗ ਗਿਆ ਸੀ। ਇਨ੍ਹਾਂ ਨੇ ਵੀ ਜਿਵੇਂ ਸੋਚ ਲਿਆ ਹੋਉ, ਉਨ੍ਹਾਂ ਦਾ ਦੁਸ਼ਮਣ ਡੱਬੇ ਫਸਾ ਕੇ ਕਿਤੇ ਦੌੜ ਗਿਆ ਹੋਇਆ। ਹੁਣ ਨਹੀਂ



ਲੱਗਦਾ ਆਉਂਦਾ, ਤੀਲੇ ਖਿਲਾਰਨ ਵਾਲਾ। ਫਿਰ ਉਹ ਆਪਣੀ ਕਿਰਿਆ 'ਚ ਰੁੱਝ ਗਏ ਹੋਣੇ. ਪਰ ਮੈਨੂੰ ਤਾਂ ਆਲ੍ਹਣਾ ਦੇਖਕੇ ਪਿਛਲਾ ਸਭ ਗ਼ਮ ਤੇ ਸੋਗ ਹੀ ਜਿਵੇਂ ਭੁੱਲ ਗਿਆ। ਜਾਨਵਰਾਂ ਨੇ ਤਾਂ ਸੱਚੀ ਅੱਤ ਹੀ ਕਰਤੀ। ਚੀਨਿਆਂ ਨੇ ਤਾਂ ਇਥੇ ਪੱਕਾ ਹੀ ਕਬਜ਼ਾ ਕਰ ਲਿਆ ਹੋਇਆ ਜਾਪਦਾ, ਜਿਵੇਂ ਇਹਨਾਂ ਮੇਰੀ ਅਣਖ ਨੂੰ ਵੰਗਾਰ ਦਿੱਤਾ ਹੋਵੇ। ਇਕਦਮ ਦਿਮਾਗ਼ ਜਿਹਾ ਹੀ ਬੌਂਦਲ ਗਿਆ। ਵਾਈਪਰ ਬੰਦੂਕ ਵਾਂਗੂੰ ਉਤਾਂਹ ਚੁੱਕਿਆ ਹੀ ਸੀ, ਪਰ ਜੋੜਾ ਫਿਰ ਵੀ ਟੱਸ ਤੋਂ ਮੱਸ ਨਾ ਹੋਇਆ। ਉਹ ਤਾਂ ਜਿਵੇਂ ਨਿਡਰ ਹੋਏ, ਢੀਠ ਪੁਣੇ 'ਤੇ ਹੀ ਆ ਗਏ ਹੋਣ।

ਪਰ ਜਦੋਂ ਵਾਈਪਰ ਆਲ੍ਹਣੇ 'ਚ ਫਿਰਨ ਲੱਗਾ ਤਾਂ ਉਹ ਮਸੀਂ ਹੀ ਬਾਹਰ ਨਿਕਲੇ। ਇੱਕ ਮਾਦਾ ਜਿਹੀ ਜਾਪਦੀ ਕਬੂਤਰੀ ਕੁਝ ਬੀਮਾਰ ਤੇ ਢਿੱਲੀ-ਢਿੱਲੀ ਜਿਹੀ ਜਾਪੀ। ਜੋ ਬੜੀ ਔਖਿਆਈ ਨਾਲ ਉਡੀ। ਪਰ ਦੋਵੇਂ ਪਿੱਪਲ 'ਤੇ ਬੈਠੇ ਹਾਲ ਦੁਹਾਈ ਹੀ ਪਾਈ ਗਏ। ਉਹ ਇਕ ਵਾਰ ਹੈਰਾਨ ਜ਼ਰੂਰ ਹੋਇਆ। ਇਸ ਵਾਰ ਦੋਵੇਂ ਉਡੇ ਵੀ ਦੇਰੀ ਨਾਲ ਤੇ ਏਨਾ ਜ਼ਿਆਦਾ ਰੌਲਾ ਵੀ ਪਾਈ ਜਾ ਰਹੇ। ਪਹਿਲਾਂ ਤਾਂ ਚੁੱਪ-ਚਾਪ ਹੀ ਨਿਕਲ ਤੁਰਦੇ ਰਹੇ। ਹੁਣ ਤਾਂ ਜਾਪਦਾ ਮੇਰੇ ਨਾਲ ਸਿੱਧੀ ਲੜਾਈ ਕਰਨ 'ਤੇ ਆ ਤੁਲੇ ਨੇ। ਜਿਵੇਂ ਮੈਨੂੰ ਗਾਲ੍ਹਾਂ ਕੱਢ ਰਹੇ ਹੋਣ। ਜੇ ਉਨ੍ਹਾਂ ਦੇ ਹੱਥਾਂ 'ਚ ਕੋਈ ਹਥਿਆਰ ਹੋਵੇ ਤਾਂ ਮੇਰਾ ਸਿਰ ਹੀ ਪਾੜ ਸੁੱਟਣ। ਹੋ ਸਕਦਾ ਰੌਲਾ ਪਾਉਂਦੇ, ਮੇਰੇ ਅੱਗੇ ਹਾਰ ਮੰਨਦੇ, ਇਵੇਂ ਨਾ ਕਰਨ ਲਈ ਤਰਲੇ ਮਿੰਨਤਾਂ ਕਰ ਰਹੇ ਹੋਣ। ਪਰ ਏਨੀ ਵਾਰੀ ਨੁਕਸਾਨ ਕਰਵਾ ਕੇ ਵੀ ਸ਼ਾਂਤ ਰਹਿਣ ਵਾਲਿਆਂ ਨੂੰ ਹੁਣ ਕੀ ਬਿੱਜ ਪੈ ਗਈ। ਕਿਤੇ ਇਨ੍ਹਾਂ ਨੂੰ ਕਰੋਨਾ ਦਾ ਦੈਂਤ ਸਾਮ੍ਹਣੇ ਦਿਸਣ ਲੱਗ ਪਿਆ ਹੋਵੇ। ਤਾਂ ਹੀ ਘਬਰਾਏ ਪਏ ਨੇ। ਹੁਣ ਪਤਾ ਲੱਗੂ ਤੁਹਾਨੂੰ ਚੀਨਿਓ, ਕਰੋਨਾ ਕਿਵੇਂ ਦਾ ਭੈੜਾ ਦੈਂਤ ਹੁੰਦੈ, ਜੋ ਬੰਦੇ ਨੂੰ ਖਤਮ ਕਰ ਦੇਂਦਾ। ਅੱਜ ਮੈਂ ਵੀ ਇਨ੍ਹਾਂ ਨੂੰ ਕਰੋਨਾ ਹੀ ਬਣਕੇ ਦਿਖਾਉਂ।

ਲਗਾਤਾਰ ਵਾਈਪਰ ਫੇਰਦਿਆਂ ਤੀਲਿਆਂ ਦਾ ਭਾਰੀ-ਭਰਕਮ ਪਹਾੜ ਹੇਠਾਂ ਡਿੱਗ ਪਿਆ ਸੀ। ਆਲ੍ਹਣੇ ਦੇ ਹੇਠਾਂ ਡਿਗਦਿਆਂ ਹੀ ਉਸਦਾ ਤਨ-ਮਨ ਖਿੜ ਉਠਿਆ। ਜਵੇਂ ਜੰਗ ਦੇ ਮੈਦਾਨ 'ਚ ਦੁਸ਼ਮਣ ਦਾ ਕਿਲ੍ਹਾ ਢਹਿ-ਢੇਰੀ ਕਰ ਚਿੱਤ ਹੀ ਕਰ ਦਿੱਤਾ ਹੋਵੇ।

ਪਰ ਉਸ ਕੀ ਦੇਖਿਆ, ਡਿੱਗੇ ਢੇਰ 'ਚੇ ਤਿੰਨ ਚਾਰ ਆਂਡੇ ਵੀ ਟੁੱਟ ਕੇ ਖਿੱਲਰੇ-ਪੁੱਲਰੇ ਤੀਲਿਆਂ 'ਚ ਫਸੇ ਹੋਏ। ਉਹਨਾਂ ਵਿਚਲਾ ਚਿੱਟਾ ਤੇ ਪੀਲੇ ਜਿਹੇ ਰੰਗ ਦਾ ਗਿੱਲਾ ਜਿਹਾ ਮੁਆਦ ਵੀ ਲੱਗਾ ਹੋਇਆ। ਨਾਲ ਹੀ ਬੱਚਿਆਂ ਦੇ ਮਾਸ ਦੇ ਕੁਝ ਨਿਰਜਿੰਦ ਲੋਥੜੇ, ਵੀ ਉਲਝੇ ਪਏ ਹੋਏ। ਫਰਸ਼ 'ਤੇ ਪਿਆ ਤੀਲਿਆਂ ਦਾ ਖਿਲਾਰਾ ਇਵੇਂ ਜਾਪ ਰਿਹਾ ਜਿਵੇਂ ਬਹੁਤ ਵੱਡਾ ਝੱਖੜ ਝੁੱਲ ਗਿਆ ਹੋਵੇ।

ਦੋਵੇਂ ਕਬੂਤਰ ਕੁਰਲਾਹਟਾਂ ਮਚਾਉਂਦੇ, ਇੱਕ ਵਾਰ ਫਿਰ ਉਡਕੇ ਉਸ ਵੱਲ ਵਧੇ ਤੇ ਲਾਗੇ ਕੰਧ 'ਤੇ ਆ ਬੈਠੇ।

ਉਸ ਨੂੰ ਇਸ ਗੱਲ ਦਾ ਤਾਂ ਉੱਕਾ ਹੀ ਅੰਦਾਜ਼ਾ ਨਹੀਂ ਸੀ ਇਹ ਇਹਦੇ 'ਚ ਆਂਡੇ ਦੇ ਕੇ ਬੱਚੇ ਵੀ ਪੈਦਾ ਕਰਨਗੇ। ਉਹ ਸਮਝਦਾ, ਕਾਮ ਖੇਡਾਂ ਹੀ ਪਏ ਖੇਡਦੇ ਨੇ। ਪਰ ਨਹੀਂ । ਏਸੇ ਲਈ ਆਂਡੇ ਦੇ ਕੇ ਉਡਣ ਤੋਂ ਅਸਮਰੱਥ ਹੋਈ ਬੀਮਾਰ ਕਬੂਤਰੀ, ਬੜੀ ਔਖ ਨਾਲ

ਉਡੀ। ਉਸ ਵੱਲ ਦੇਖਦੀ ਜਿਵੇਂ ਕਹਿ ਰਹੀ ਹੋਵੇ, ਕਾਸ਼! ਡਾਕਟਰ ਜੀ ਤੁਸੀਂ ਔਰਤ ਦੇ ਦਿਲ ਨੂੰ ਜਾਣ ਸਕਦੇ ਹੁੰਦੇ... ਉਸ ਦੀਆਂ ਪੀੜਾਂ ਨੂੰ ਸਮਝਦੇ ਹੁੰਦੇ...।"

ਪਰ ਹੁਣ ਤਾਂ ਸਭ ਕੁਝ ਖਤਮ ਹੋ ਗਿਆ ਸੀ। ਜੇ ਕੁਝ ਦਿਨ ਹੋਰ ਉਸਦੀ ਮਾਰ ਤੋਂ ਬਚ ਜਾਂਦੇ ਤਾਂ ਉਦੋਂ ਤੱਕ ਬੱਚੇ ਪੈਦਾ ਹੋ ਜਾਣੇ ਸਨ। ਬੱਚੇ ਬਣੇ ਹੁੰਦੇ ਤਾਂ ਉਨ੍ਹਾਂ ਬੋਟਾਂ ਨੂੰ ਝੱਟਪੱਟ ਪਾਣੀ ਜਾਂ ਦੁੱਧ ਪਿਲਾ ਕੇ ਬਚਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ। ਪਾਣੀ ਪੀ ਕੇ ਉਨ੍ਹਾਂ ਦੇ ਸਰੀਰਾਂ 'ਚ ਜਾਨ ਪੈ ਜਾਂਦੀ। ਉਹ ਵੀ ਮੇਰੇ ਹੱਥਾਂ 'ਤੇ ਪਏ ਅੱਖਾਂ ਖੋਲਦੇ ਤਾਂ ਉਹਨੂੰ ਸਕੂਨ ਤੇ ਮਾਣ ਮਹਿਸੂਸ ਹੋਣਾ ਸੀ। ਪਰ ਹੁਣ ਤਾਂ ਬਸ ਇਕ ਲਿਜਲਿਜਾ ਜਿਹਾ ਪਦਾਰਥ ਹੀ ਰਹਿ ਗਿਆ। ਜੋ ਤੀਲਿਆਂ 'ਚ ਉਲਝਿਆ ਪਿਆ ਹੋਇਆ।

ਕੁਝ ਮਿੰਟ ਹੋਰ ਦੇਖਦਾ ਰਿਹਾ ਤੇ ਉਸੇ ਹੀ ਹਾਲਤ 'ਚ ਛੱਡਕੇ ਘਰ ਅੰਦਰ ਚਲਾ ਗਿਆ। ਸਾਰਾ ਦਿਨ ਮਰੀਜ਼ ਦੇਖਦਿਆਂ ਵੀ ਅਫਸੋਸ ਜਿਹਾ ਹੁੰਦਾ ਰਿਹਾ। ਉਹ ਕੀ ਕਰ ਬੈਠਾ ਸੀ। ਉਹਦੇ ਦਿਮਾਗ 'ਚ ਇਹ ਸਮਝ ਕਿਉਂ ਨਾ ਆਈ। ਡਾਕਟਰ ਤੇ ਇਕ ਲੇਖਕ ਹੋ ਕੇ ਵੀ ਉਨ੍ਹਾਂ ਦੀ ਬਣ ਰਹੀ ਜੀਵਨ ਕਹਾਣੀ ਨਹੀਂ ਸੀ ਸਮਝ ਸਕਿਆ। ਕਿੱਡਾ ਵੱਡਾ ਮੂਰਖ ਸਾਂ। ਇਕ ਵਧੀਆ ਵਿਸ਼ਾ ਸੀ। ਪਰ ਉਸਨੇ ਤੀਲਿਆਂ 'ਚ ਹੀ ਖਿਲਾਰ ਦਿੱਤਾ। ਹੋਰ ਕੁਝ ਕੁ ਦਿਨਾਂ 'ਚ ਪੰਛੀਆਂ ਆਂਡਿਆਂ 'ਚੋਂ ਨਿਕਲ ਉਡਾਰ ਹੋ ਜਾਣਾ ਸੀ ਤੇ ਕਹਾਣੀ ਮੁਕੰਮਲ ਹੋ ਜਾਂਦੀ। ਪਰ ਹੁਣ ਤਾਂ ਕੁਦਰਤ ਨਾਲ ਖਿਲਵਾੜ ਹੋ ਗਿਆ ਹੋਇਆ। ਕਿਵੇਂ ਭਰਾ ਦੇ ਘਰ ਨੂੰ ਬਚਾਉਣ ਲਈ ਕਸ਼ਿਸ਼ ਦੇ ਬਾਵਜੂਦ ਵੀ ਉਜੜ ਗਿਆ। ਪਰ ਇਥੇ ਕਬੂਤਰਾਂ ਦੇ ਘਰ ਨੂੰ ਉਹ ਆਪਣੇ ਹੱਥੀਂ ਉਜਾੜ ਦਿੱਤਾ ਸੀ। ਅਪਰਾਧ ਬੋਧ ਉਸਨੂੰ ਅੰਦਰੋਂ-ਅੰਦਰੀਂ ਖਾਈ ਜਾ ਰਿਹਾ।

ਉਸ ਸਵੇਰੇ ਉਠਕੇ ਦੇਖਿਆ, ਸਭ ਕੁਝ ਉਵੇਂ ਦਾ ਉਵੇਂ ਹੀ ਪਿਆ ਹੋਇਆ। ਉਵੇਂ ਹੀ ਲਾਗੇ ਵਾਈਪਰ ਪਿਆ ਮੂੰਹ ਚਿੜਾ ਰਿਹਾ। ਪਰ ਕਬੂਤਰ-ਕਬੂਤਰੀ ਦਾ ਜੋੜਾ ਲਾਗੇ-ਚਾਗੇ ਵੀ ਨਹੀਂ, ਦਿਸ ਰਿਹਾ।

ਇਵੇਂ ਅਗਲੇ ਦਿਨ ਤੇ ਫਿਰ ਕਈ ਦਿਨ ਲੱਗਭਗ ਉਹੋ ਜਿਹਾ ਹੀ ਹਾਲਾਤ ਬਣੇ ਹੋਏ। ਸੁੰਨਮਸਾਨ। ਪਰ ਉਹਨਾਂ ਚੀਨਿਆਂ ਦਾ ਜੋੜਾ ਕਈ ਦਿਨ ਲੰਘ ਜਾਣ ਤੋਂ ਬਾਅਦ ਵੀ ਵਾਪਸ ਨਹੀਂ ਸੀ ਮੁੜਿਆ। ਉਹ ਚਾਹੁੰਦਾ ਕਿਤੇ ਇਕ ਵਾਰ ਆ ਕੇ ਉਸਨੂੰ ਮੁਆਫ਼ ਕਰ ਜਾਣ। ਏਸੇ ਲਈ ਉਨ੍ਹਾਂ ਰੋਜ਼ਾਨਾ ਹੀ ਉਡੀਕਦਾ ਰਹਿੰਦਾ। ਹੁਣ ਤਾਂ ਉਸਦੇ ਮਿਸਤਰੀ ਤੋਂ ਲੱਕੜੀ ਦਾ ਵੱਡਾ ਸਾਰਾ, ਸਮੁੰਦਰ 'ਆਲ੍ਹਣਾ ਵੀ ਤਿਆਰ ਕਰਵਾ ਲਿਆ ਸੀ। ਉਸੇ ਕੰਧ ਦੇ ਨਾਲ ਹੀ ਟੰਗਵਾਅ ਦਿੱਤਾ। ਹੁਣ ਤਾਂ ਤੀਲੇ ਲਿਆਉਣ ਵਾਲਾ ਤਰੱਦਦ ਵੀ ਨਹੀਂ ਕਰਨਾ ਪੈਣਾ। ਪਾਣੀ ਦਾ ਇਕ ਕਟੋਰਾ ਵੀ ਥੱਲੇ ਫਰਸ਼ 'ਤੇ ਰੱਖ ਦਿੱਤਾ। ਉਸਨੂੰ ਪੂਰੀ ਆਸ ਸੀ ਜੋੜਾ ਜ਼ਰੂਰ ਮੋੜ ਪਾਵੇਗਾ। ਪਰ ਉਹ ਤਾਂ ਆ ਨਹੀਂ ਸੀ ਰਹੇ। ਹੁਣ ਤਾਂ ਉਹ ਆਪ ਹੀ ਉਲਝਾਈ ਕਹਾਣੀ ਦੇ ਜਿਵੇਂ ਜਾਲ 'ਚ ਫ਼ਸਲ ਗਿਆ ਹੋਵੇ।

ਕਬੂਤਰ ਨੂੰ ਉਡੀਕਦਿਆਂ ਮਹੀਨੇ ਤੋਂ ਉਪਰ ਹੋ ਗਿਆ ਸੀ। ਨਾ ਹੀ ਕਿਸੇ ਹੋਰ ਪੰਛੀ ਨੇ ਆ ਕੇ ਆਲਣਾ ਮੱਲਣ ਦੀ ਹਿੰਮਤ ਹੀ ਕੀਤੀ। ਜਿਵੇਂ ਉਹ ਜੋੜਾ ਇਸ ਜਗ੍ਹਾ ਨੂੰ ਸਰਾਪ ਦੇ ਗਿਆ ਹੋਵੇ।



ਉਹ ਅੱਧੀ ਰਾਤ ਨੂੰ ਉਠਿਆ। ਹੋ ਸਕਦਾ ਦਿਨੇ ਮੈਥੋਂ ਡਰਦੇ ਨਾ ਆਉਂਦੇ ਹੋਣ, ਰਾਤ ਵੇਲੇ ਗੇੜਾ ਮਾਰਦੇ ਹੋਣ। ਉਸ ਦੇਖਿਆ ਆਲ੍ਹਣੇ ਵਾਲੀ ਕੰਧ ਵੱਲ ਜੰਗਲਨੁਮਾ ਹਨੇਰਾ। ਥੱਲੇ ਪਈਆਂ ਤੀਲਾਂ ਸੂਲਾਂ ਬਣੀਆਂ ਜਿਵੇਂ ਉਸ ਵੱਲ ਵਧ ਰਹੀਆਂ। ਵਿੱਚ ਪਈਆਂ ਮਰੀਆਂ ਰੂਹਾਂ ਉਸ ਨੂੰ ਡਰਾਉਂਦੀਆਂ-ਘੂਰਦੀਆਂ ਜਾਪਦੀਆਂ। ਉਹ ਡਰਦਾ ਹੁਣ ਰੋਜ਼= ਇੱਕ ਦੀਵਾ ਆਲ੍ਹਣੇ ਨਾਲ ਲੱਗਦੀ, ਛੋਟੀ ਕੰਧ ਦੇ ਬਨ੍ਹੇਰੇ 'ਤੇ ਜਗਾਉਣ ਲੱਗ ਪਿਆ।

ਅੱਜ ਫੇਰ ਦੀਵਾ ਜਗਾ ਦੇ ਤੇ ਕੰਧ 'ਤੇ ਰੱਖ ਹੀ ਰਿਹਾ ਸੀ, ਉਸੇ ਵੇਲੇ ਉਸ ਨੂੰ ਜ਼ੋਰਦਾਰ ਖੰਘ ਆਈ। ਉਸ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। ਕਿਤੇ ਕਬੂਤਰਾਂ ਨੂੰ ਉਸਦੀ ਆਮਦ ਦਾ ਪਤਾ ਨਾ ਚੱਲ ਜਾਵੇ। ਪਰ ਕਦੇ ਖੰਘ ਵੀ ਰੋਕਿਆਂ ਰੁਕਦੀ। ਖੰਘ ਨਾਲ ਦੀਵਾ ਵੀ ਬੁੱਝ ਗਿਆ। ਹੁਣ ਚਾਰੋ ਤਰਫ਼ ਘੋਰ ਹਨ੍ਹੇਰਾ ਹੀ ਹਨ੍ਹੇਰਾ ਹੋ ਗਿਆ। ਨਹੀਂ ਜਿਵੇਂ ਹਨ੍ਹੇਰ ਹੀ ਪੈ ਗਿਆ ਹੋਵੇ। ਉਸਨੂੰ ਕੁਝ ਸਮਝ ਨਹੀਂ ਲੱਗ ਰਹੀ। ਛਾਤੀ ਭਾਰੀ ਹੋ ਗਈ। ਉਹ ਹੌਂਕਣ ਹੀ ਲੱਗ ਪਿਆ। ਪਰ ਉਹ ਉਥੋਂ ਹਿੱਲਣ ਜੋਗਾ ਵੀ ਨਹੀਂ ਸੀ ਰਿਹਾ। ਜਿਵੇਂ ਉਸਦੀਆਂ ਲੱਤਾਂ ਨੂੰ ਕੋਈ ਜਕੜੀ ਜਾ ਰਿਹਾ ਹੋਵੇ। ਪਰ ਹਨ੍ਹੇਰੇ 'ਚੋਂ ਉਸਨੂੰ ਕੋਈ ਅਲੌਕਿਕ ਜਿਹੀ ਆਵਾਜ਼ ਸੁਣਾਈ ਦਿੱਤੀ, 'ਨਹੀਉਂ ਲੱਭਣੇ ਲਾਲ ਗੁਆਚੇ.,... ਮਿੱਟੀ ਨਾ ਫਰੋਲ ਜੋਗੀਆ।' ਇਹ ਆਵਾਜ਼ ਕਿਥੋਂ ਆਈ। ਖੌਰੇ ਉਹਦੇ ਤੇਜ਼ ਚੱਲਦੇ ਸਾਹਾਂ 'ਚੋਂ ਹੀ ਨਿਕਲੀ ਹੋਵੇ। ਪਰ ਉਹ ਸੁਣਕੇ ਦਹਿਲ ਹੀ ਗਿਆ। ਸੱਚੀ ਇਹ ਜਗ੍ਹਾ ਸਰਾਪੀ ਗਈ ਸੀ। ਬੁੱਝੇ ਦੀਵੇ ਦੀ ਬੱਤੀ ਅਜੇ ਵੀ ਹਲਕਾ ਹਲਕਾ ਧੂੰਆਂ ਛੱਡ ਰਹੀ । ਉਸ ਨੂੰ ਖੰਘ ਛਿੜ ਪਈਤੇ ਉਹ ਛਾਤੀ 'ਤੇ ਹੱਥ ਰੱਖਦਾ, ਔਖੇ ਜਿਹੇ ਸਾਹ ਲੈਂਦਾ ਘਰ ਅੰਦਰ ਨੂੰ ਭੱਜ ਪਿਆ।

ਵਾਲੀਆ ਹਸਪਤਾਲ, ਅੱਡਾ ਨਡਾਲਾ
ਜ਼ਿਲ੍ਹਾ ਕਪੂਰਥਲਾ
98151-86532

◆◆◆

# ਮਿੰਨੀ ਕਹਾਣੀ

## ਹੁਸ਼ਿਆਰ ਸਿੰਘ ਬੀ.ਏ.

ਹੁਸ਼ਿਆਰ ਸਿੰਘ ਬੀ.ਏ.ਸਾਡਾ ਬੁਹਤ ਹੀ ਇੰਟੈਲੀਜੈਂਟ ਮਿੱਤਰ ਹੈ,ਗਰੀਬ ਪਰਿਵਾਰ ਵਿਚ ਪੈਦਾ ਹੋ ਕੇ ਓਹਨਾਂ ਸਮਿਆਂ ਵਿਚ ਪਿੰਡੋਂ ਸ਼ਹਿਰ ਆ ਕੇ ਬੀ.ਏ.ਤੱਕ ਦੀ ਪੜ੍ਹਾਈ ਕਰਕੇ ਚੰਗੀ ਸਰਕਾਰੀ ਨੌਕਰੀ ਹਾਸਿਲ ਕਰਨ ਕਰਕੇ ਉਸਨੂੰ ਆਪਣੇ ਆਪ ਤੇ ਮਾਣ ਵੀ ਸੀ ਪਰ ਜਦੋਂ ਕਦੇ ਉਹ ਕਿਸੇ ਮਹਿਫ਼ਿਲ ਵਿਚ ਦੋ ਚਾਰ ਪੈੱਗ ਮਾਰ ਲੈਂਦਾ ਤਾਂ ਫਿਰ ਕੁਝ ਜ਼ਿਆਦਾ ਹੀ ਬੋਲ ਜਾਂਦਾ ਤੇ ਫਿਰ ਉਸ ਟਾਈਮ ਉਹ ਜਿਆਦਾਤਰ ਇੰਗਲਿਸ਼ ਵਿਚ ਹੀ ਗੱਲ ਕਰਦਾ,ਆਈ ਐਮ ਓਲਡ ਬੀ.ਏ.ਪਾਸ ਤੇ ਜਿਵੇਂ ਉਸਦਾ ਤਕੀਆ ਕਲਾਮ ਹੀ ਹੋਵੇ ਏਸੇ ਕਰਕੇ ਹੀ ਅਸੀਂ ਸਾਰੇ ਮਿੱਤਰਾਂ ਨੇ ਉਸਦਾ ਨਾਮ ਹੁਸ਼ਿਆਰ ਸਿੰਘ ਬੀ.ਏ. ਰੱਖਿਆ ਹੋਇਆ ਹੈ ਜਿਸਦਾ ਉਸਨੇ ਕਦੇ ਗੁੱਸਾ ਵੀ ਨਹੀਂ ਕੀਤਾ।

ਕੁਝ ਦਿਨ ਪਹਿਲਾਂ ਆਪਾਂ ਪੰਜ ਸੱਤ ਮਿੱਤਰ ਕਿਸੇ ਵਿਆਹ ਦੀ ਪਾਰਟੀ 'ਤੇ ਕਿਸੇ ਪੈਲਸ ਵਿਚ ਸਮੇਤ ਹੁਸ਼ਿਆਰ ਸਿੰਘ ਬੀ.ਏ. ਗਏ ਹੋਏ ਸੀ।ਕੁਝ ਖਾਣ ਪੀਣ ਤੋਂ ਥੋੜੀ ਦੇਰ ਬਾਅਦ ਹੀ ਘਰਵਾਲਿਆਂ ਦਾ ਇਕ ਨੁਮਾਇੰਦਾ ਆਇਆ ਅਤੇ ਉਸਨੇ ਸਭਨੂੰ ਹੱਥ ਜੋੜ ਕੇ ਦੂਜੇ ਪਾਸੇ ਲੱਗੇ ਨੌਂਨ ਵੈੱਜ ਵਾਲੇ ਟੇਬਲਾਂ ਵੱਲ ਜਾਣ ਲਈ ਬੇਨਤੀ ਕੀਤੀ,ਅਸੀਂ ਦੋ ਤਿੰਨ ਮਿੱਤਰ ਭਾਵੇਂ ਇਸ ਗੱਡੀ ਦੇ ਬੈਲ ਨਹੀਂ ਸੀ ਪਰ ਹੁਸ਼ਿਆਰ ਸਿੰਘ ਬੀ.ਏ.ਦੀਆਂ ਗੱਲਾਂ ਦਾ ਲੁਤਫ਼ ਲੈਣ ਲਈ ਅਸੀਂ ਵੀ ਓਧਰ ਨੂੰ ਹੀ ਹੋ ਤੁਰੇ।ਬਸ ਓਹੋ ਹੀ ਗੱਲ ਕਿ ਹੁਸ਼ਿਆਰ ਸਿੰਘ ਬੀ.ਏ.ਹੁਰਾਂ ਦੋ ਪੈੱਗਾਂ ਤੋਂ ਬਾਅਦ ਆਪਣਾ ਅੰਗਰੇਜ਼ੀ ਦਾ ਪੀਰੀਅਡ ਸ਼ੁਰੂ ਕਰ ਦਿੱਤਾ ਪੁਰਾਣੀਆਂ ਗੱਲਾਂ "ਆਈ ਐਮ ਓਲਡ ਬੀ.ਏ.ਪਾਸ"ਤੋਂ ਸ਼ੁਰੂ ਤੇ ਫਿਰ ਸਾਰਾ ਕੁਝ ਓਹੀ ਜੋ ਪੱਚੀ-ਤੀਹ ਸਾਲ ਤੋਂ ਸੁਣਦੇ ਆ ਰਹੇ ਸੀ।

ਪਰ ਅੱਜ ਜੋ ਹੁਸ਼ਿਆਰ ਸਿੰਘ ਬੀ.ਏ. ਨਾਲ ਹੋਈ ਉਹ ਸ਼ਾਇਦ ਅਸੀਂ ਕਦੇ ਨਹੀਂ ਵੇਖੀ ਸੀ ਇਕ ਕਲੀਨ ਸ਼ੇਵ ਵੇਟਰ ਦੀ ਵਰਦੀ ਵਿਚ ਕੁਝ ਨੌਂਨ ਵੈੱਜ ਲੈ ਕੇ ਹੁਸ਼ਿਆਰ ਸਿੰਘ ਬੀ.ਏ.ਦੇ ਕੋਲ ਆਇਆ "ਸਰ ਪਲੀਜ਼ ਕੁਝ ਲੈ ਲਓ"ਹੁਸ਼ਿਆਰ ਸਿੰਘ ਬੀ.ਏ.ਨੇ ਐਨਕਾਂ ਵਿਚੋਂ ਦੀ ਉਸ ਲੜਕੇ ਵੱਲ ਵੇਖਦੇ ਹੋਏ ਕਿਹਾ "ਜੇ ਚਾਰ ਜਮਾਤਾਂ ਪੜ੍ਹ ਜਾਂਦਾ ਤੇ "ਸਰ ਪਲੀਜ਼" ਤੋਂ ਅੱਗੇ ਵੀ ਕੋਈ ਚਾਰ ਸ਼ਬਦ ਅੰਗਰੇਜ਼ੀ ਦੇ ਆ ਜਾਂਦੇ,ਹੁਣ ਤੂੰ ਕਹੇਂਗਾ ਸਰ ਮੈਂ ਘਰੋਂ ਬਹੁਤ ਗ਼ਰੀਬ ਹਾਂ,ਏਧਰ ਵੇਖ ਆਈ ਐਮ ਓਲਡ ਬੀ.ਏ.ਪਾਸ,ਆਈ ਬਲੌਂਗ ਟੂ ਵੈਰੀ ਪੂਅਰ ਫੈਮਿਲੀ,ਆਈ ਐਮ ਸੀਨੀਅਰ ਸੁਪਰਡੰਟ ਇਨ ਇਨਕਮ ਟੈਕਸ ਡਿਪਾਰਟਮੈਂਟ, ਐਨੀ ਡਾਊਟ"ਬਸ ਇਹ ਦੋ ਚਾਰ ਗੱਲਾਂ ਸੁਣਨ ਦੀ ਦੇਰ ਸੀ ਫਿਰ ਜੋ ਕੁਝ ਉਸ ਲੜਕੇ ਨੇ ਇੰਗਲਿਸ਼ ਵਿਚ ਬੋਲਿਆ ਉਹ ਸੁਣ ਕੇ ਹੁਸ਼ਿਆਰ ਸਿੰਘ ਬੀ.ਏ. ਦੀ ਉਸ ਲੜਕੇ ਦੀ ਕੁਆਲੀਫੀਕੇਸ਼ਨ ਪੁੱਛਣ ਦੀ ਹਿੰਮਤ ਹੀ ਨਾ ਰਹੀ।

ਪਰ ਪੈਲਸ ਵਿਚੋਂ ਘਰ ਆਉਂਦਿਆਂ ਗੱਡੀ ਵਿਚ ਹੁਸ਼ਿਆਰ ਸਿੰਘ ਬੀ.ਏ. ਉਸ ਵੇਟਰ ਬਾਰੇ ਇਕ ਨਾਲਦੇ ਸੱਜਣ ਦੇ ਦੱਸਣ 'ਤੇ ਇਹ ਜ਼ਰੂਰ ਕਹਿ ਰਿਹਾ ਸੀ "ਯਾਰ ਮੈਂ ਤੇ ਹੁਣ ਤੱਕ ਇਹ ਹੀ ਸੋਚਦਾ ਸੀ ਕਿ ਮੈਂ ਹੀ ਇਕ ਵਾਹਦ ਇਨਸਾਨ ਹਾਂ ਜਿਸਨੇ ਐਨੀ ਗ਼ਰੀਬੀ ਵਿਚ ਰਹਿ ਕੇ ਬੀ.ਏ.ਤੱਕ ਦੀ ਪੜ੍ਹਾਈ ਕੀਤੀ,ਪਰ ਇਸ ਬੰਦੇ ਨੇ ਬਾਪ ਦਾ ਸਾਇਆ ਨਿੱਕੇ ਹੁੰਦਿਆਂ ਤੋਂ ਹੀ ਸਿਰ ਤੋਂ ਉੱਠ ਜਾਣ ਦੇ ਬਾਵਜੂਦ ਲੇਬਰ ਕਰਕੇ ਆਪਣੀਆਂ ਛੋਟੀਆਂ ਦੋ ਭੈਣਾਂ ਤੇ ਮਾਂ ਦੇ ਮੂੰਹ ਵਿਚ ਦੋ ਵਕਤ ਦੀ ਰੋਟੀ ਪਉਣ ਦੇ ਨਾਲ ਨਾਲ ਐਨੀ ਪੜ੍ਹਾਈ ਕੀਤੀ।ਆਈ ਐਮ ਰੀਅਲੀ ਵੈਰੀ ਇੰਮਪਰੈੱਸ ਦਿਸ ਪਰਸਨ"ਯਾਰ ਅੱਜ ਤੋਂ ਬਾਅਦ ਤੁਸੀਂ ਮੇਰੇ ਨਾਂ ਨਾਲ ਕਦੇ ਵੀ ਬੀ.ਏ.ਨਹੀਂ ਲਗਾਉਗੇ।" ਓਸ ਦਿਨ ਤੋਂ ਬਾਅਦ ਹੁਸ਼ਿਆਰ ਸਿੰਘ ਨੇ ਆਪਣਾ ਤਕੀਆ ਕਲਾਮ ਵੀ ਵਰਤਣਾ ਬੰਦ ਕਰ ਦਿੱਤਾ ਸੀ।

**ਪ੍ਰਤਾਪ 'ਪਾਰਸ' ਗੁਰਦਾਸਪੁਰੀ,**
787/10 ਪ੍ਰੇਮ ਨਗਰ,
ਹਰਦੋਛੰਨੀ ਰੋਡ ਗੁਰਦਾਸਪੁਰ।
ਫੋਨ 9988811681

◆◆◆



# ਨਿਬੰਧ

## ਕਾਰਪੋਰਲ ਤੋਂ ਪ੍ਰੋਫ਼ੈਸਰ ਤੱਕ

# ਪ੍ਰੀਤਲੜੀ ਤੇ ਹਵਾਈ ਸੈਨਾ- ਧਰਤ ਤੇ ਅੰਬਰ ਦਾ ਮੇਲ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਦਸਵੀਂ ਪਾਸ ਕਰਦਿਆਂ ਹੀ ਪ੍ਰੀਤਲੜੀ ਨਾਲ ਮੇਰੀ ਸਾਂਝ ਪੈ ਗਈ ਸੀ। ਸਾਂਝ ਮੂਕ ਪਿਆਰ, ਸ਼ਬਦ-ਸਤਿਕਾਰ ਵਿਚ ਬਦਲ ਗਈ। ਆਪਣੀ ਜ਼ਿੰਦਗੀ ਦੇ ਸਵੇਰੇ ਤੋਂ ਲੈ ਕੇ ਹੁਣ ਢਲਦੀ ਸ਼ਾਮ ਤਕ ਪ੍ਰੀਤਲੜੀ ਦੀ ਛਾਂ ਤੇ ਕੋਸਾ ਕੋਸਾ ਨਿੱਘ ਮੇਰੇ ਆਸੇ ਪਾਸੇ ਹੈ। ਭਾਰਤੀ ਹਵਾਈ ਸੈਨਾ ਵਿੱਚ ਪ੍ਰੀਤਲੜੀ ਮੇਰੀ ਚਾਰਪਾਈ ਦੇ ਸਿਰਾਣੇ ਹੇਠ ਪਈ ਹੁੰਦੀ ਸੀ- ਮੇਰੇ ਹਵਾਈ ਸਾਥੀ ਵੀ ਪੜ੍ਹਦੇ ਸਨ। ਹਰ ਮਹੀਨੇ ਉਤਸੁਕਤਾ ਨਾਲ ਪ੍ਰੀਤਲੜੀ ਦੀ ਉਡੀਕ ਕਰਦੇ ਸਨ। ਹਵਾਈ ਸੈਨਾ ਦੀ ਨੌਕਰੀ ਤੋਂ ਬਾਅਦ ਮੈਂ ਤਿੰਨ ਦਹਾਕੇ ਕਾਲਜ ਪ੍ਰੋਫ਼ੈਸਰ ਰਿਹਾ। ਪ੍ਰੀਤਲੜੀ ਸਦਾ ਮੇਰੇ ਟੇਬਲ ਉਤੇ ਸ਼ਸ਼ੋਭਤ ਹੁੰਦੀ ਸੀ ਤੇ ਹੈ। ਮੇਰੇ ਨਵੇਂ ਪੁਰਾਣੇ ਵਿਦਿਆਰਥੀ, ਸਾਥੀ ਪ੍ਰੋਫ਼ੈਸਰ, ਨਵੇਂ ਲੇਖਕ, ਵਰਕਰ, ਸਮਾਜਸੇਵੀ, ਮੇਰੀ ਬੈਠਕ ਵਿੱਚ ਅਕਸਰ ਆਉਂਦੇ ਸਨ- ਪ੍ਰੀਤਲੜੀ ਵੇਖਦੇ ਸਨ- ਫੋਲਦੇ ਸਨ- ਪ੍ਰੀਤਲੜੀ ਬਾਰੇ ਪੁਛਦੇ ਸਨ। ਦੀਵਾਰਾਂ ਉਤੇ ਲੱਗੀਆਂ ਗੁਰਬਖਸ਼ ਸਿੰਘ ਪ੍ਰੀਤਲੜੀ, ਲੈਨਿਨ, ਤੇ ਵਾਲਟ ਵਿਟਮੈਨ ਦੀਆਂ ਤਸਵੀਰਾਂ ਵੇਖਦੇ ਸਨ। ਕਦੀ ਕਦੀ ਕੋਈ ਲੇਖਕ, ਪੱਤਰਕਾਰ, ਮੀਡੀਆਮੈਨ ਮੇਰਾ ਇੰਟਰਵਿਊ ਰੀਕਾਰਡ ਕਰਨ ਆਉਂਦਾ ਮੈਂ ਉਸਨੂੰ ਕਹਿੰਦਾ ਤੁਸੀਂ ਪਹਿਲਾਂ ਮੇਰਾ ਡਰਾਇੰਗ ਰੂਮ, ਮੇਰੀ ਲਾਇਬਰੇਰੀ ਵੇਖੋ। ਮੈਂ ਚਾਹ ਲੈ ਕੇ ਆਇਆ। ਅੱਧਾ ਇੰਟਰਵਿਊ ਮੇਰੇ ਟੇਬਲ ਉਤੇ ਰਸਾਲੇ, ਦੀਵਾਰਾਂ ਉਤੇ ਲੱਗੀਆਂ ਤਸਵੀਰਾਂ, ਰੈਕਾਂ ਵਿਚ ਪਈਆਂ ਕਿਤਾਬਾਂ ਪੂਰਾ ਕਰ ਦਿੰਦੀਆਂ ਸਨ।

ਪਿਛਲੇ 50 ਸਾਲ ਪ੍ਰੀਤਲੜੀ ਮੇਰੇ ਅੰਗ ਸੰਗ ਰਹੀ ਹੈ। ਅੱਧੀ ਸਦੀ ਬੀਤ ਗਈ ਹੈ, ਪ੍ਰੀਤਲੜੀ ਮੇਰਾ ਸਾਹਸ, ਮੇਰਾ ਸਹਾਰਾ, ਮੇਰੀ ਪ੍ਰੇਰਨਾਸ੍ਰੋਤ ਰਹੀ ਹੈ, ਸਰਦਾਰ ਦਾਰ ਜੀ ਗੁਰਬਖਸ਼ ਸਿੰਘ, ਨਵਤੇਜ ਸਿੰਘ, ਸੁਮੀਤ, ਪੂਨਮ, ਰਵੀ ਕੰਤ ਸਿੰਘ ਤਕ ਪ੍ਰੀਤਲੜੀ ਹਰ ਖੇਤਰ ਵਿਚ ਮੇਰੀ ਅਗਵਾਈ ਕਰਦੀ ਰਹੀ ਹੈ। ਜਿਥੇ ਵੀ ਮੈਂ ਗਿਆ, ਪ੍ਰੀਤਲੜੀ ਮੇਰੇ ਅਗੇ ਅਗੇ ਸੀ, ਗਾਈਡ ਕਰਦੀ ਸੀ। ਨੌਸ਼ਹਿਰਾ ਪਨੂੰਆਂ (ਤਰਨਤਾਰਨ), ਮਦਰਾਸ, ਸ੍ਰੀਨਗਰ, ਜੰਮੂ, ਆਦਮਪੁਰ ਦੁਆਬਾ, ਆਗਰਾ, ਮੁੰਬਈ ਮੈਂ ਗਿਆ, ਕਾਫੀ ਸਮਾਂ ਰਿਹਾ- ਪ੍ਰੀਤਲੜੀ ਮੇਰੇ ਨਾਲ ਨਾਲ ਸੀ। ਪ੍ਰੀਤਲੜੀ ਨੂੰ ਮੈਂ ਆਪਣਾ ਬਦਲਿਆ ਸਿਰਨਾਵਾਂ ਭੇਜਦਾ, ਪ੍ਰੀਤਲੜੀ ਉਥੇ ਪਹੁੰਚੀ ਹੁੰਦੀ।

ਮੈਂ ਸਾਧਾਰਨ, ਕਿਰਤੀ ਕਿਸਾਨ ਪਰਵਾਰ ਦਾ ਜੰਮਪਾਲ ਹਾਂ। ਪ੍ਰੀਤਲੜੀ ਬਚਪਨ ਵਿਚ ਹੀ ਮੇਰੇ ਜੀਵਨ ਵਿਚ ਜੇ ਪ੍ਰਵੇਸ਼ ਨਾ ਕਰ ਗਈ ਹੁੰਦੀ- ਤਾਂ ਮੈਂ ਸ਼ਾਇਦ ਦਸਵੀਂ ਤੋਂ ਅੱਗੇ ਨਹੀਂ ਟੱਪਣਾ ਸੀ। ਕਿਉਂਕਿ ਅੰਮ੍ਰਿਤਸਰ ਵਿਖੇ ਕਾਲਜ ਵਿਚ ਦਾਖਲ ਹੋ ਕੇ ਪੜ੍ਹਨ ਦੀ ਸਮਰਥਾ ਮੇਰੇ ਵਿਚ ਨਹੀਂ ਸੀ। ਸਾਧਨ ਹੀ ਨਹੀਂ ਸਨ, ਹਿੱਸੇ ਠੇਕੇ ਉਤੇ ਜ਼ਮੀਨ ਲੈ ਕੇ,

ਸਿਰਫ ਹਲ ਦੇ ਮੁੰਨੇ ਜੋਗਾ ਹੀ ਮੈਂ ਰਹਿ ਜਾਣਾ ਸੀ। ਪ੍ਰੀਤਲੜੀ ਨੇ ਮੈਨੂੰ ਦਸਿਆ, ਆਪਣਾ ਰਾਹ ਆਪ ਲੱਭੋ। ਆਪਣਾ ਟੀਚਾ ਆਪ ਨਿਸ਼ਚਿਤ ਕਰੋ। ਸੰਘਰਸ਼ ਕਰੋ ਮੰਜ਼ਲ ਵਲ ਵਧੋ। ਲਗਨ, ਮਿਹਨਤ, ਇਮਾਨਦਾਰੀ, ਸੁਹਿਰਦਤਾ ਦਾ ਪਲੜਾ ਕਦੀ ਨਾ ਛੱਡੋ। ਤੇ ਮੈਂ ਬਰਾਸਤਾ ਬਠਿੰਡਾ ਬੀ. ਏ. ਪਾਸ ਕਰਕੇ, ਬਰਾਸਤਾ ਹਵਾਈ ਸੈਨਾ, ਐਮ. ਏ ਪਾਸ ਕਰਨ ਵਿਚ ਸਫ਼ਲ ਰਿਹਾ। ਇਕ ਨਹੀਂ ਤਿੰਨ ਐਮ. ਏ.।

ਮੇਰੇ ਪਿਤਾ ਜੀ ਭਾਈ ਉੱਤਮ ਸਿੰਘ ਪੰਨੂ, ਪੰਜ ਗ੍ਰੰਥੀ ਪੜ੍ਹ ਲੈਂਦੇ ਸਨ। ਜੇ ਪ੍ਰੀਤਲੜੀ ਮੈਨੂੰ ਸੰਘਰਸ਼ ਕਰਕੇ ਅਗੇ ਵਧਣ ਦਾ ਰਾਹ ਨਾ ਦਸਦੀ ਤਾਂ ਮੈਂ ਸ਼ਾਇਦ ਕਿਸੇ ਡੇਰੇ ਵਿਚ ਬੈਠਾ ਸਵਾਹ ਦੀਆਂ ਪੁੜੀਆਂ ਵੇਚ ਰਿਹਾ ਹੁੰਦਾ। ਹਨੇਰਾ ਢੋਂਦਾ ਰਹਿੰਦਾ ਸਾਰੀ ਉਮਰ।

ਦਾਰ ਜੀ ਗੁਰਬਖਸ਼ ਸਿੰਘ ਨੇ ਪਹਿਲੀ ਵਾਰ ਮੇਰੀ ਮੁਲਾਕਾਤ ਸੋਵੀਅਤ ਸੰਘ ਤੇ ਸਮਾਜਵਾਦੀ ਲੋਕ ਚੀਨ ਨਾਲ ਕਰਵਾਈ। ਵਿਗਿਆਨਕ ਸਮਾਜਵਾਦੀ ਪ੍ਰਣਾਲੀਆਂ ਬਾਰੇ ਦੱਸਿਆ। ਮੈਂ ਕਾਰਲ ਮਾਰਕਸ, ਐਂਗਲਜ਼, ਲੈਨਿਨ, ਚੀ ਗਵੇਰਾ, ਫੀਦਲ ਕਾਸਟਰੋ, ਪੈਟਰਿਸ ਲੰਬੂਬਾ, ਗੋਰਕੀ ਆਦਿ ਬਾਰੇ ਹੋਰ ਜਾਨਣਾ ਆਰੰਭ ਕੀਤਾ। ਭਾਰਤ ਦੀ ਗਰੀਬੀ ਦੇ ਕਾਰਨ ਲੱਭਣੇ ਸ਼ੁਰੂ ਕੀਤੇ। ਮੈਨੂੰ ਸਾਂਵੀ ਪੱਧਰੀ, ਅਫਿਰਕੂ ਡੂੰਘੀ ਨੀਝ ਮਿਲੀ- ਦੂਰ ਨਜ਼ਰੀਆ ਮਿਲਿਆ ਭਾਰਤੀ ਹਵਾਈ ਸੈਨਾ ਨੇ ਮੇਰੇ ਪੈਰਾਂ ਨੂੰ ਦੂਰ ਦੀਆਂ ਧਰਤੀਆਂ ਗਾਹੁਣ ਦਾ ਅਵਸਰ ਦਿੱਤਾ। ਪ੍ਰੀਤਲੜੀ ਨੇ ਮੇਰੇ ਹੱਥ ਚੰਗੀ ਕਿਤਾਬ ਦਿੱਤੀ ਤੇ ਸਮਾਜਵਾਦੀ ਦ੍ਰਿਸ਼ਟੀ। ਮੈਂ ਸਰਿਸ਼ਟੀ ਨੂੰ ਵਿਗਿਆਨਕ ਸਮਾਜਵਾਦੀ ਦ੍ਰਿਸ਼ਟੀ ਤੋਂ ਵੇਖਣ ਤੇ ਸਮਝਣ ਲਗਾ। ਮੇਰੀ ਜਗਿਆਸਾ ਜਾਰੀ ਹੈ।

ਹੋਸ਼ ਸੰਭਾਲਦਿਆਂ ਹੀ ਮੇਰੇ ਮਨ ਵਿਚ ਵਾਰ ਵਾਰ ਖਿਆਲ ਆਉਂਦਾ ਸੀ- ਕੁਝ ਵਖਰਾ ਕਰਨਾ ਹੈ। ਕੁਝ ਨਵਾਂ ਕੰਮ ਕਰਨਾ ਹੈ- ਕੁਝ ਵਧੀਆ ਕਰਨਾ ਹੈ। ਦਾਰ ਜੀ ਗੁਰਬਖਸ਼ ਸਿੰਘ ਦੇ ਲੇਖਾਂ ਤੋਂ ਮੈਨੂੰ ਸਮਝ ਆਈ ਕਿ ਦੂਜਿਆਂ ਲਈ, ਦੁਖੀਆਂ ਲਈ, ਲੋੜਵੰਦਾਂ ਲਈ ਕੁਝ ਕਰੋ- ਉਦੋਂ ਹੀ ਕਰੋ ਜੋ ਤੁਹਾਡੀ ਵਿੱਤ ਵਿਚ ਹੈ- ਤੁਹਾਡੀ ਪਹੁੰਚ ਤੇ ਸਮਰੱਥਾ ਵਿੱਚ ਹੈ। ਜਹਾਨ ਤੋਂ ਕੂਚ ਕਰਨ ਤੋਂ ਪਹਿਲਾਂ, ਪਿਛੇ ਕੁਝ ਯਾਦ ਕਰਨਯੋਗ ਕੀਰਤੀਮਾਨ ਛੱਡ ਕੇ ਜਾਓ।

ਮੈਂ ਅੰਤਰਮੁਖੀ ਕਿਸਮ ਦਾ ਬੰਦਾ ਹਾਂ। ਮੇਰਾ ਪਿਛੋਕੜ ਫੌਜੀ ਨਹੀਂ ਹੈ। ਮੈਂ ਫੌਜੀ ਜਰਨੈਲ ਨਹੀਂ ਸਾਂ ਬਣ ਸਕਦਾ। ਸਿਆਸਤ ਦੇ ਮੋਟੇ ਖਾਨਦਾਨੀ ਕਿੱਤੇ ਵਿਚ ਵੀ ਸਥਾਪਤ ਨਹੀਂ ਸਾਂ ਹੋ ਸਕਦਾ। ਕਿਉਂਕਿ ਮੇਰਾ ਬਾਪ ਮੰਤਰੀ ਨਹੀਂ ਸੀ। ਲੈ ਦੇ ਕੇ ਮੇਰੇ ਹਿੱਸੇ ਲਿਖਣ ਦਾ ਕਿੱਤਾ ਆਇਆ। ਜੋ ਕਿੱਤਾ ਨਹੀਂ, ਘਾਟੇ ਦਾ ਸੌਦਾ ਹੈ। ਪਰ ਮੈਨੂੰ ਇਹ ਘਾਟੇ ਦੇ ਸੌਦਾ ਕਰਨਾ ਹੀ ਰਾਸ ਆਇਆ ਜੋ ਮੈਂ ਪਿਛਲੇ ਪੰਜਾਹ ਸਾਲਾਂ ਤੋਂ ਕਰ ਰਿਹਾ ਹਾਂ। ਮੇਰੀ ਕਲਮ ਨੂੰ ਪ੍ਰੀਤਲੜੀ ਦਾ ਸਦਾ ਹੀ ਸਾਥ ਤੇ ਸਹਾਰਾ ਮਿਲਦਾ ਰਿਹਾ ਹੈ। ਜੋ ਹੁਣ ਤਕ ਜਾਰੀ ਹੈ। ਪ੍ਰੀਤਲੜੀ ਨੇ ਮੇਰੀਆਂ ਅਨੇਕਾਂ ਕਹਾਣੀਆਂ, ਲੇਖ ਤੇ ਕਵਿਤਾਵਾਂ ਛਾਪੀਆਂ ਹਨ। ਮੇਰੀ ਕਲਮ ਨੂੰ ਦੂਰ ਦੁਰਾਡੇ ਪਹੁੰਚਾਇਆ।

ਪ੍ਰੀਤਲੜੀ ਪੰਜਾਬੀ ਦਾ ਇਕੋ ਇਕ ਰਸਾਲਾ ਹੈ ਜੋ ਪਿਛਲੇ 80 ਸਾਲਾਂ ਤੋਂ ਚਲ ਰਿਹਾ ਹੈ- ਕਿਸੇ ਗਰੁੱਪ ਦੇ ਸਹਾਰੇ ਜਾਂ ਵਿਦੇਸ਼ੀ ਡਾਲਰਾਂ ਪਾਉਂਡਾਂ ਦੇ ਰਹਿਮ ਉੱਤੇ ਨਹੀਂ, ਸਮੂਹ



ਦੀ ਟੇਕ ਉਤੇ ਪ੍ਰੀਤਲੜੀ ਚਲ ਰਿਹਾ ਹੈ। ਪ੍ਰੀਤਲੜੀ ਲਈ ਵਿਚੋਂ ਵਿੱਚੋਂ ਮੌਸਮ ਖ਼ਰਾਬ ਵੀ ਹੋਇਆ- ਪਤਝੜ ਵੀ ਆਈ। ਪਰ ਪ੍ਰੀਤਲੜੀ ਨੇ ਛੇਤੀ ਅਸਥਾਈ ਪਤਝੜ ਨੂੰ ਸਥਾਈ ਬਹਾਰ ਵਿਚ ਬਦਲ ਦਿੱਤਾ। ਉਚੇ ਦਰਜੇ ਦੇ ਸਾਹਿਤ ਅਤੇ ਸਮੂਹ ਦੇ ਸਾਥ ਨਾਲ ਚੱਲਦੇ ਰਹੇ ਬੇਮਿਸਾਲ ਸ਼ਾਨਦਾਰ ਰਸਾਲੇ ਸਨ-ਲੋਅ, ਅੱਖਰ, ਦ੍ਰਿਸ਼ਟੀ ਤੇ ਅਕਸ। ਇਹਨਾਂ ਰਸਾਲਿਆਂ ਦਾ ਹਾਲੀ ਤਕ ਕੋਈ ਸਾਨੀ ਨਹੀਂ ਪੈਦਾ ਹੋਇਆ। ਬਹੁਤੇ ਪੰਜਾਬੀ ਰਸਾਲੇ ਗਰੁੱਪਬਾਜ਼, ਜੁੰਡਲੀਪਾਲ ਅਤੇ ਵਿਦੇਸ਼ੀ ਡਾਲਰਾਂ ਪਾਊਂਡਾਂ ਦੇ ਸਹਾਰੇ ਚਲ ਰਹੇ ਹਨ। ਅਤੇ ਉਹਨਾਂ ਦਾ ਹੀ ਗੁਣਗਾਨ ਕਰਦੇ ਹਨ।

ਸਾਡੇ ਪਿੰਡ ਨੌਸ਼ਹਿਰਾ ਪਨੂੰਆਂ (ਤਰਨਤਾਰਨ) ਗੁਆਂਢ ਵਿੱਚ ਰਹਿੰਦੇ ਸਰਦਾਰ ਇੰਦਰ ਸਿੰਘ ਪੰਨੂੰ, ਪੁਰਾਣੇ ਪ੍ਰੀਤਲੜੀ ਪਾਠਕ ਸਨ। ਬਚਪਨ ਵਿੱਚ, ਸਰਦਾਰ ਇੰਦਰ ਸਿੰਘ ਪੰਨੂੰ ਪਾਸੋਂ ਲੈ ਕੇ ਮੈਂ ਪ੍ਰੀਤਲੜੀ ਪੜ੍ਹਦਾ ਸਾਂ। ਪ੍ਰੀਤਲੜੀ ਤੋਂ ਪ੍ਰਭਾਵਿਤ ਹੋ ਕੇ ਸਰਦਾਰ ਇੰਦਰ ਸਿੰਘ ਪਨੂੰ ਦੇ ਬੱਚੇ ਡੈਡੀ ਨੂੰ ਪਿਤਾ ਜੀ ਕਹਿੰਦੇ ਤੇ ਮੰਮੀ ਨੂੰ ਬੀਜੀ ਕਹਿੰਦੇ ਸਨ। ਮੇਰੀ ਸ਼ਾਦੀ ਹੋਈ। ਬੱਚੇ ਹੋਏ। ਪ੍ਰੀਤਲੜੀ ਦੀ ਸੋਹਣੀ ਰੀਤ ਅਨੁਸਾਰ ਮੇਰੇ ਬੱਚੇ ਮੈਨੂੰ ਪਿਤਾ ਜੀ ਅਤੇ ਆਪਣੀ ਮੰਮੀ ਨੂੰ ਬੀਜੀ ਕਹਿੰਦੇ ਸਨ। ਅੱਗੇ ਉਹਨਾਂ ਦੇ ਬੱਚੇ ਹੋਏ, ਉਹ ਵੀ ਮੈਨੂੰ ਪਿਤਾ ਜੀ ਕਹਿੰਦੇ ਹਨ। ਮੇਰੀਆਂ ਦੋਹੇਂ ਨੋਹਾਂ, ਦੋਵੇਂ ਪੋਤੀਆਂ, ਤਿੰਨ ਦੋਹਤੀਆਂ- ਮੇਰੇ ਦੋਵੇਂ ਜਵਾਈ ਸਾਰੇ ਮੈਨੂੰ ਪਿਤਾ ਜੀ ਕਹਿ ਕੇ ਹੀ ਸਤਿਕਾਰ ਦਿੰਦੇ ਹਨ। ਮੇਰੇ ਪਿਆਰੇ ਛੋਟੇ ਅਜ਼ੀਜ਼ ਹਰਜਿੰਦਰਪਾਲ ਸਿੰਘ, ਲਖਬੀਰ ਸਿੰਘ ਬਲਾਲਾ, ਤਰਸੇਮ ਸਿੰਘ ਭੰਗੂ, ਡਾ. ਹਰਿੰਦਰਜੀਤ ਸਿੰਘ ਕਲੇਰ ਪਿਤਾ ਜੀ ਕਹਿ ਕੇ ਸਤਿਕਾਰ ਦਿੰਦੇ ਹਨ। ਪ੍ਰੀਤਲੜੀ ਦਾ ਉਸਾਰੂ ਪ੍ਰਭਾਵ ਜਾਰੀ ਹੈ। ਵਾਹਿਗੁਰੂ ਕਰੇ ਇਹ ਜਾਰੀ ਰਹੇ।

ਪ੍ਰੀਤਲੜੀ ਦੇ ਸੰਪਾਦਕ ਨਵਤੇਜ ਸਿੰਘ ਜੀਭ ਦੇ ਕੈਂਸਰ ਨਾਲ ਪੀੜਤ ਸਨ। ਮੁੰਬਈ ਦੇ ਕੈਂਸਰ ਹਸਪਤਾਲ ਵਿਚ ਦਾਖਲ ਸਨ। ਕੇਂਦਰੀ ਸਰਕਾਰ ਵਿਚ ਅਫਸਰ, ਕਰਨੈਲ ਸਿੰਘ ਧਾਲੀਵਾਲ, ਆਪਣੇ ਪਤੀ ਨਾਲ ਮੇਰੀ ਬੇਟੀ ਨਵਸੰਗੀਤ, ਜੋ ਉਦੋਂ ਮੁੰਬਈ ਰਹਿੰਦੇ ਸਨ ਸਰਦਾਰ ਨਵਤੇਜ ਸਿੰਘ ਦਾ ਹਾਲਚਾਲ ਵੇਖਣ ਕੈਂਸਰ ਹਸਪਤਾਲ ਪਹੁੰਚੇ। । ਮੈਂ ਪ੍ਰੀਤਲੜੀ ਦਾ ਨਵਾਂ ਅੰਕ ਆਪਣੀ ਬੇਟੀ ਨੂੰ ਮੁੰਬਈ, ਵਿਖੇ ਡਾਕ ਰਾਹੀਂ ਭੇਜਿਆ। ਨਾਲ ਚਿੱਠੀ ਵੀ ਨੱਥੀ ਕੀਤੀ- ਜਿਸ ਉਤੇ ਮੇਰੇ ਵੱਲੋਂ ਨਵਤੇਜ ਸਿੰਘ ਲਈ ਸ਼ੁਭ ਇੱਛਾਵਾਂ ਅਤੇ ਉਹਨਾਂ ਦਾ ਹਸਪਤਾਲ ਦਾ ਪਤਾ ਲਿਖਿਆ ਹੋਇਆ ਸੀ। ਇਕ ਵਾਰ ਮੇਰੀ ਇਹ ਬੇਟੀ ਪ੍ਰੀਤ ਮਿਲਣੀ ਸਮੇਂ ਅੰਮ੍ਰਿਤਸਰ ਮੇਰੇ ਨਾਲ ਗਈ ਸੀ। ਨਵਤੇਜ ਸਿੰਘ ਨੂੰ ਪਛਾਣਦੀ ਸੀ। ਮੇਰੀ ਬੇਟੀ ਤੇ ਦਾਮਾਦ ਮੁੰਬਈ ਦੇ ਕੈਂਸਰ ਹਸਪਤਾਲ ਗਏ। ਨਵਤੇਜ ਸਿੰਘ ਨੂੰ ਪ੍ਰੀਤਲੜੀ ਦਾ ਨਵਾਂ ਅੰਕ ਵਿਖਾ ਕੇ, ਮੇਰੀ ਚਿੱਠੀ ਦਿੱਤੀ। ਚਿੱਠੀ ਪੜ੍ਹ ਨਵਤੇਜ ਜੀ ਨੇ ਹਾਂ ਵਿਚ ਸਿਰ ਹਿਲਾਇਆ ਅੱਖਾਂ ਹੀ ਅੱਖਾਂ ਨਾਲ ਸ਼ੁਭ ਕਾਮਨਾਵਾਂ ਪਰਵਾਨ ਕੀਤੀਆਂ, ਪਿਆਰ ਦਿੱਤਾ ਨਵਤੇਜ ਸਿੰਘ ਜੀ ਬੋਲ ਨਹੀਂ ਸਨ ਸਕਦੇ। ਉਹ ਦ੍ਰਿਸ਼ ਯਾਦ ਕਰਕੇ ਅੱਜ ਵੀ ਮੇਰੀ ਬੇਟੀ ਰੋ ਪੈਂਦੀ ਹੈ।

ਮੇਰੀ ਇੱਛਾ ਹੈ ਕਿ ਪ੍ਰੀਤਲੜੀ ਦੇ ਸਾਰੇ ਪੁਰਾਣੇ ਪਾਠਕਾਂ ਦੀ ਇਕ ਪ੍ਰੀਤ ਮਿਲਣੀ ਕੀਤੀ ਜਾਵੇ। ਜੇ ਅੰਮ੍ਰਿਤਸਰ ਜਾਂ ਪ੍ਰੀਤਨਗਰ ਇਹ ਮਿਲਣੀ ਸੰਭਵ ਨਾ ਹੋਵੇ, ਤਾਂ ਪ੍ਰੀਤ

ਮਿਲਣੀ ਚੰਡੀਗੜ੍ਹ ਕੀਤੀ ਜਾਵੇ। ਸਾਰੇ ਪ੍ਰੀਤ ਪਾਠਕ, ਪ੍ਰੀਤਲੜੀ ਪਰਵਾਰ ਨਾਲ ਮਿਲ ਬੈਠ, ਪੁਰਾਣੀਆਂ ਯਾਦਾ ਤਾਜ਼ਾ ਕਰਨ। ਪ੍ਰੀਤਲੜੀ ਇਕ ਵਾਰ ਫੇਰ ਇਕ ਪ੍ਰੀਤ ਲਹਿਰ ਬਣ ਜਾਵੇ। ਪ੍ਰੀਤ ਪਾਠਕ ਪਰਵਾਰ ਹੋਰ ਵਧੇ, ਫੈਲੇ। ਸ਼ਾਲਾ, ਪ੍ਰੀਤਲੜੀ ਆਪਣੀ ਸਾਂਵੀ ਪੱਧਰੀ ਤੋਰੇ ਤੁਰਦੀ ਰਹੇ। ਅਸੀਂ ਪ੍ਰੀਤ ਲੜੀ ਦਾ 100 ਸਾਲ ਮਨਾਉਣ ਲਈ ਜੀਊਂਦੇ ਰਹੀਏ। ਪ੍ਰੀਤਲੜੀ ਆਪਣੀ ਜ਼ਿੰਦਗੀ ਦੇ 500 ਸਾਲ ਪੂਰੇ ਕਰਨ ਉਪਰੰਤ ਦਿੱਲੀ ਵਿਖੇ ਸਰਵ ਸੰਸਾਰ ਪ੍ਰੀਤ- ਪਾਠਕ ਮਿਲਣੀ ਕਰਕੇ। ਪ੍ਰੀਤਲੜੀ ਦੇ ਨਾਮ ਦੀ ਟਿਕਟ ਜਾਰੀ ਹੋਵੇ।

ਪ੍ਰੀਤਲੜੀ ਨੇ ਮੈਨੂੰ ਦਿਸ਼ਾ ਦਿੱਤੀ- ਹਵਾਈ ਸੈਨਾ ਨੇ ਮੈਨੂੰ ਉਡਾਨ ਦਿੱਤੀ। ਪ੍ਰੀਤਲੜੀ ਨੇ ਮੈਨੂੰ ਸਮੇਂ-ਤੁਰਨਾ ਸਿਖਾਇਆ- ਹਵਾਈ ਸੈਨਾ ਨੇ ਮੈਨੂੰ ਅੰਬਰ ਵਿਚ ਉੱਡਨਾ ਸਿਖਾਇਆ। ਸਾਡੇ ਰਿਸ਼ਤੇ ਕੁਦਰਤ ਨਾਲ ਵੀ ਹਨ। ਪਹਾੜ ਸਾਡੀਆਂ ਢਾਲਾਂ ਹਨ। ਰੁੱਖ ਸਾਡੇ ਪਹਿਰੇਦਾਰ ਹਨ। ਦਰਿਆ ਸਾਡੇ ਹਮਸਫਰ ਹਨ। ਮੇਰੀਆਂ ਕਹਾਣੀਆਂ ਦੀ ਮੇਰੀ ਨਵੀਂ ਕਿਤਾਬ ਦਾ ਨਾਮ ਹੈ- 'ਤੁਰਾਂ ਮੈਂ ਨਦੀ ਦੇ ਨਾਲ ਨਾਲ' ਹਵਾਈ ਸੈਨਾ ਦੇ ਅੰਗ ਸੰਗ ਰਹਿ ਕੇ ਮੈਂ ਜੇਹਲਮ, ਚਨਾਬ, ਰਾਵੀ ਤੋਂ ਲੈ ਕੇ ਨਰਬਦਾ, ਕ੍ਰਿਸ਼ਨਾ, ਤਾਪਦੀ, ਗੋਦਾਵਰੀ ਦੇ ਨਾਲ ਨਾਲ ਤੁਰਿਆ। ਬ੍ਰਹਮਪੁੱਤਰ, ਗੰਗਾ, ਯਮਨਾ, ਗੋਮਤੀ ਨੇ ਮੇਰੀ ਬਾਤ ਸੁਣੀ। ਆਪਣੇ ਸੌਹਰਿਆਂ ਦੇ ਪਿੰਡ ਚੋਹਲਾ ਸਾਹਿਬ ਨੇੜੇ ਘੜਕਾ ਚੰਬਾ ਦੇ ਨਾਲ ਦੀ ਵਗਦੇ ਦਰਿਆ ਬਿਆਸ ਨੂੰ ਤਰ ਕੇ ਪਾਰ ਕੀਤਾ।

ਸੂਰਜ, ਚੰਦਾ, ਤਾਰੇ ਸਾਡੇ ਰਾਹ ਦਸੇਰੇ ਹਨ। ਪਰਿੰਦਿਆਂ ਦੇ ਗੀਤ ਸਾਡੇ ਹਮਰਾਜ ਹਨ। ਕਈ ਵਾਰ ਮੈਂ ਜੰਮੂ ਤੋਂ ਸ੍ਰੀ ਨਗਰ

ਤੇ ਸ੍ਰੀ ਨਗਰ ਤੋਂ ਜੰਮੂ ਹਵਾ ਵਿੱਚ ਉੱਡ ਕੇ ਲੰਘਿਆ। ਕੀਤਾ। ਜੀਊਂਦਾ ਰਹੇ ਡੈਕੋਟਾ ਤੇ ਵੈਮਪਾਇਆ।

ਮੈਂ ਗਿਆਰਵੀਂ ਪਾਸ ਕਰਕੇ ਬਰਾਸਤਾ ਬਠਿੰਡਾ, ਬਾਈ ਪਾਰਟਸ ਬੀ.ਏ. ਪਾਸ ਕੀਤੀ। ਅੰਮ੍ਰਿਤਸਰ ਕਾਲਜ ਭੇਜਣ ਲਈ ਮੇਰਾ ਬਾਪ ਅਸਮਰਥ ਸੀ। ਤਰਨਤਾਰਨ ਉਦੋਂ ਕਾਲਜ ਹੁੰਦਾ ਹੀ ਨਹੀਂ ਸੀ। ਜੇ ਮੇਰਾ ਬਾਪ ਸਰਕਾਰੀ ਸਕੂਲ ਅਧਿਆਪਕ ਹੁੰਦਾ ਜਾਂ ਪੁਲਸ ਜਾਂ ਫੌਜ ਵਿਚ ਨੌਕਰੀ ਕਰ ਰਿਹਾ ਹਾਂ ਤਾਂ ਪ੍ਰਾਈਵੇਟ ਤੌਰ ਤੇ ਮੈਂ ਐਮ. ਏ. ਕਰ ਸਕਦਾ ਸਾਂ। ਪਰ ਐਸਾ ਨਹੀਂ ਸੀ। ਤੇ ਮੈਨੂੰ ਅਗਲੀ ਪੜ੍ਹਾਈ ਕਰਨ ਲਈ ਰਾਹ ਲੱਭਣਾ ਹੀ ਪੈਣਾ ਸੀ। ਤੇ ਮੈਂ ਅੰਬਾਲਾ ਛਾਉਣੀ ਤੋਂ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋ ਕੇ ਧੁਰ ਸਾਗਰ ਕਿਨਾਰੇ, ਮਦਰਾਸ ਪਹੁੰਚ ਗਿਆ। ਹਵਾਈ ਸੈਨਾ ਰਾਹੀਂ ਮੈਂ ਐਮ. ਏ. ਕਰ ਸਕਦਾ ਸਾਂ। ਮੈਂ ਪਹਿਲੀ ਐਮ. ਏ ਪੰਜਾਬੀ ਵਿਚ ਆਗਰਾ ਰਹਿੰਦਿਆਂ ਪਾਸ ਕੀਤੀ। ਦੂਜੀ ਐਮ. ਏ. ਰਾਜਨੀਤਿਕ ਵਿਗਿਆਨ ਮਦਰਾਸ ਰਹਿੰਦਿਆਂ ਪਾਸ ਕੀਤੀ। ਜੇ ਮੈਂ ਭਾਰਤੀ ਹਵਾਈ ਸੈਨਾ ਵਿੱਚ ਨਾ ਹੁੰਦਾ ਤਾਂ ਮੈਂ ਬੀ. ਏ ਤੋਂ ਅੱਗੇ ਨਹੀਂ ਸੀ ਪੜ੍ਹ ਸਕਦਾ।

ਸਰਦੀਆਂ ਦੀਆਂ ਸ਼ਾਮਾਂ ਨੂੰ ਮੈਂ ਆਪਣੇ ਕੋਠੇ ਦੀ ਛੱਤ ਉਪਰ ਬੈਠਾ ਪੜ੍ਹਦਾ। ਮੁੰਡੇ ਪਤੰਗਾਂ ਉਡਾਉਂਦੇ। ਮੇਰਾ ਪਤੰਗ ਉਡਾਉਂਣ ਨੂੰ ਜੀ ਨਹੀਂ ਸੀ। ਪਤੰਗ ਬਣ ਕੇ ਉਡਣ ਨੂੰ ਜੀ ਕਰਦਾ ਸੀ। ਬੱਦਲਾਂ ਤੋਂ ਪਾਰ, ਤਾਰਿਆਂ ਦੇ ਨਾਲ ਨਾਲ।



ਜੇ ਮੈਂ ਭਾਰਤੀ ਹਵਾਈ ਸੈਨਾ ਵਿਚ ਭਰਤੀ ਨਾ ਹੋਇਆ ਹੁੰਦਾ। ਆਪਣੇ ਪਿੰਡ ਹੀ ਰਹਿੰਦਾ, ਤਾਂ ਮੈਂ ਗੁਰਬਾਣੀ ਕੰਠ ਕਰਕੇ, ਸ਼ਾਇਦ ਗੁਰਦੁਆਰਾ ਸਾਹਿਬ ਭਾਈ ਜੀ ਬਣ ਗਿਆ ਹੁੰਦਾ। ਸਵੇਰੇ ਸ਼ਾਮ ਪੱਤੀ ਦੇ ਘਰੀਂ ਜਾ ਕੇ ਦਾਲ, ਰੋਟੀ ਤੇ ਦੁੱਧ ਮੰਗ ਕੇ ਲਿਆਉਂਦਾ। ਸ਼ਾਮ ਨੂੰ ਸੰਖ ਪੂਰਦਾ, ਸਭ ਦੀ ਸੁਖ ਮੰਗਦਾ-ਪਰ ਇਸ ਸੁਖ ਅਨੰਦ ਵਿਚ ਮੇਰੀ ਸੁੱਖ ਨੇ ਸ਼ਾਮਲ ਨਹੀਂ ਸੀ ਹੋਣਾ। ਸਾਡੇ ਘਰ ਦੇ ਬੂਹੇ ਸਾਹਮਣੇ ਛੱਪੜ ਸੀ- ਮੈਂ ਛੱਪੜ ਦਾ ਡੱਡੂ ਹੁੰਦਾ। ਅੱਧੀ ਰਾਤ ਨੂੰ ਟਰੇਂ ਟਰੇਂ ਦਾ ਰਾਗ ਅਲਾਪਦਾ। ਪਰ ਇਸ ਟਰੇਂ ਟਰੇਂ ਨੇ ਕਵਿਤਾ ਨਹੀਂ ਸੀ ਬਣਦਾ। ਅੱਧੀ ਰਾਤ ਦਾ ਸ਼ੋਰ ਹੋਣਾ ਸੀ। ਤੜਕੇ ਦਾ ਰਾਗ ਨਹੀਂ ਸੀ ਇਸ ਬਣਨਾ।

ਏਅਰ ਫੋਰਸ ਨੇ ਮੈਨੂੰ ਬਣਾ ਦਿੱਤਾ ਸਮੁੰਦਰ ਦਾ ਮਗਰਮੱਛ। ਹੁਣ ਮੇਰੇ ਪਾਸ ਅਥਾਹ ਛੱਲਾਂ ਸਨ। ਮੈਂ ਘੜੇ ਦਾ ਬਾਸੀ ਪਾਣੀ ਨਹੀਂ ਹਾਂ। ਸਾਗਰ ਦੀ ਹਿੱਕ ਦਾ ਕਤਰਾ ਹਾਂ। ਕਤਰੇ ਉਤੇ ਪੈਂਦੇ ਸੂਰਜ ਨੂੰ ਸਾਰਾ ਸਾਗਰ ਦਿਸਦਾ ਹੈ।

ਮੈਂ ਆਪਣੇ ਪਿੰਡ ਵਿਖੇ ਕੱਚੇ ਕੋਠੇ ਵਿਚ ਪੈਦਾ ਹੋਇਆ। ਜੇ ਮੇਰੇ ਪਰ ਨਾ ਹੁੰਦੇ ਕੋਠੇ ਨੇ ਸੰਸਾਰ ਨਹੀਂ ਸੀ ਬਣਦਾ। ਮੈਂ ਉਡ ਨਹੀਂ ਸੀ ਸਕਣਾ। ਘਰਦਿਆਂ ਨੇ ਮੇਰਾ ਨਾਮ ਰੱਖਿਆ ਸੀ- ਬੂਟਾ। ਜੇ ਮੈਂ ਬੂਟਾ ਹੀ ਰਹਿੰਦਾ ਤਾਂ ਬਿਰਖ ਬਣ ਜਾਂਦਾ। ਉਹਨਾਂ ਪੈਰਾਂ ਉਤੇ ਹੀ ਖੜਾ ਰਹਿੰਦਾ ਸਾਰੀ ਉਮਰ। ਮੇਰੀਆਂ ਟਾਹਣੀਆਂ ਉਤੇ ਪੰਛੀ ਬੈਠਦੇ- ਪਰ ਉਹਨਾਂ ਵੀ ਪਰਵਾਜ਼ ਨਾ ਹੁੰਦੀ। ਮੇਰੇ ਪਾਸ ਨਾ ਸਮੁੰਦਰੀ ਹਵਾ ਹੁੰਦੀ, ਨਾ ਪਰਬਤੀ ਬਰਫ। ਮੈਂ ਗਇਆ ਦਾ ਬੋਧ ਬਿਰਖ ਨਹੀਂ ਸੀ ਬਨਣਾ। ਜੇ ਪਿੱਪਲ ਦਾ ਰੁੱਖ ਹੁੰਦਾ ਤਾਂ ਵੱਧ ਤੋਂ ਵੱਧ ਮੇਰੀਆਂ ਜੜਾਂ ਵਿਚ ਤੇਲ ਪਾ ਕੇ ਮੇਰੀ ਪੂਜਾ ਭਾਵੇਂ ਕੀਤੀ ਜਾਂਦੀ। ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ ਮੈਂ ਬਣ ਗਿਆ ਨੌਸ਼ਹਿਰਵੀ, ਏਅਰ ਫੋਰਸ ਦਾ ਪੰਨੂ ਬੀ. ਐਸ. ਸਰਵਿਸ ਨੰਬਰ 221933- ਨੌਸ਼ਹਿਰਾ ਪਨੂੰਆਂ ਨੂੰ ਲੈ ਉਡਿਆ ਆਪਣੇ ਨਾਲ। ਜਿਥੇ ਜਿਥੇ ਨੌਸ਼ਹਿਰਵੀ ਰਿਹਾ- ਆਪਣੀਆਂ ਜੜ੍ਹਾਂ ਨਾਲੋਂ ਟੁੱਟਿਆਂ ਨਹੀਂ। ਨੌਸ਼ਹਿਰਾ ਨਾਲ ਨਾਲ ਰਿਹਾ।

ਜੇ ਮੈਨੂੰ ਹਵਾਈ ਸੈਨਾ ਵਿਚ ਪ੍ਰਵੇਸ਼ ਕਰਨ ਦਾ ਮੌਕਾ ਨਾ ਮਿਲਦਾ। ਡੇਰੇਦਾਰ ਮੇਰੇ ਵਰਗੇ ਸੱਚੇ ਸਿੱਧੇ ਸਾਧੇ ਬੰਦੇ ਨੂੰ ਸਾਧਗਿਰੀ ਦੇ ਧੰਦੇ ਦੇ ਟ੍ਰਿਕ ਨਹੀਂ ਸਨ ਆਉਂਦੇ ਅਤੇ ਨਾ ਹੀ ਮੈਂ ਬਾਂਝ ਔਰਤਾਂ ਨੂੰ ਮੁੰਡੇ ਦੇਣ ਦੇ ਲਾਰੇ ਦੇ ਸਕਣੇ ਸਨ। ਦਸਵੀਂ ਪਾਸ ਕਰਕੇ ਵੱਧ ਤੋਂ ਵੱਧ ਮੈਂ ਭਿਖੀਵਿੰਡ ਪੱਧਰੀ ਨੇੜੇ ਦੇ ਪਿੰਡ ਝਾਮਕੇ ਦੇ ਪ੍ਰਾਇਮਰੀ ਸਕੂਲ ਵਿੱਚ ਅਨਟਰੇਂਡ ਅਧਿਆਪਕ ਹੋਣਾ ਸੀ। ਬਾਅਦ ਵਿਚ ਘਰ ਦੇ ਇਕ ਕਮਰੇ ਵਿਚ ਆਪਣਾ ਫੱਟਾ ਲਗਾਕੇ ਇੰਟਰਨੈਸ਼ਨਲ ਸਕੂਲ ਦਾ ਪ੍ਰਿੰਸੀਪਲ ਹੋਣਾ ਸੀ। ਮੈਂ ਪ੍ਰਿੰਸੀਪਲ ਅਖਵਾ ਕੇ ਖੁਸ਼ ਹੋਣਾ ਸੀ, ਪਰ ਕਾਲਜ ਦਾ ਪ੍ਰੋਫੈਸਰ ਨਹੀਂ ਸੀ ਬਣ ਸਕਣਾ। ਹਵਾਈ ਸੈਨਾ ਨੇ ਮੈਨੂੰ ਪੜ੍ਹਨ ਦਾ ਮੌਕਾ ਦਿੱਤਾ। ਮੈਂ ਏਅਰ ਫੋਰਸ ਦੇ ਕਾਰਪੋਰਲ ਤੋਂ ਅੱਗੇ ਚਲ ਕੇ ਪ੍ਰੋਫੈਸਰ ਬਣਿਆ।

ਮੈਂ ਘਰ ਦੇ ਵਿਹੜੇ ਦਾ ਆਸਮਾਨ ਨਹੀਂ। ਮੈਂ ਧਰਤੀ ਉਤੇ ਆਸਮਾਨ ਦਾ ਸ਼ਾਮਿਆਨਾ ਹਾਂ। ਮੈਂ ਅਨੰਤੀ, ਅਗੰਮੀ ਅਸੀਮ ਸਤਰੰਗੀ ਛਤਰੀ ਹਾਂ- ਜਿਸ ਹੇਠਾਂ ਦੁਨੀਆਂ ਦੀ ਮਜਲਿਸ ਜੁੜੀ ਬੈਠੀ ਹੈ। ਮੈਂ ਇਕ ਫੁੱਲ ਨਹੀਂ- ਫੁੱਲਾਂ ਦੀ ਖੁਸ਼ਬੂ ਹਾਂ। ਖੁਸ਼ਬੂ ਦਾ ਕੋਈ

ਚਿਹਰਾ ਨਹੀਂ ਹੁੰਦਾ, ਕੋਈ ਮਜ਼ਹਬ ਨਹੀਂ ਹੁੰਦਾ। ਮੈਂ ਸਿੱਖ, ਹਿੰਦੂ ਤਾਂ ਹੁੰਦਾ- ਪਰ ਮਨੁੱਖ ਨਹੀਂ ਸੀ ਹੋਣਾ। ਹਵਾਈ ਸੈਨਾ ਨੇ ਮੈਨੂੰ ਹਵਾ ਦਾ ਰੰਗ ਦਿੱਤਾ। ਹਵਾ ਦੀ ਸੀਮਾ ਰਹਿਤ ਦਿਸ਼ਾ ਦਿੱਤੀ। ਮੁੜ੍ਹਕੇ ਭਿੱਜੀ ਹਥਘੁਟਣੀ ਨਹੀਂ- ਗਗਨ ਗਲਵਕੜੀ ਦਿੱਤੀ।

ਹਵਾਈ ਸੈਨਾ ਦੀ ਦਸਤਾਰ ਦਾ ਰੰਗ ਨੀਲਾ ਹੁੰਦਾ ਹੈ। ਅੰਬਰ ਦਾ ਵੀ ਰੰਗ ਨੀਲਾ ਹੈ। ਹੁਣ ਵੀ ਜਦੋਂ ਮੈਂ ਕਿਸੇ ਖਾਸ ਸਮਾਗਮ ਵਿਚ ਸ਼ਿਰਕਤ ਕਰਨ ਜਾਣਾ ਹੋਵੇ ਜੇ ਕਿਸੇ ਬਹੁਤ ਪਿਆਰੇ ਸੱਜਣ ਨੂੰ ਮਿਲਣ ਜਾਣਾ ਹੋਵੇ ਤਾਂ ਮੈਂ ਨੀਲੀ ਦਸਤਾਰ ਹੀ ਸਜਾਉਂਦਾ ਹਾਂ। ਮੈਨੂੰ ਅਨੁਭਵ ਹੁੰਦਾ ਹੈ ਜਿਵੇਂ ਅੰਬਰ ਮੇਰੇ ਨਾਲ ਨਾਲ ਛੱਤਰੀ ਤਾਣੀ ਤੁਰਿਆ ਜਾ ਰਿਹਾ ਹੋਵੇ। ਏਅਰ ਫੋਰਸ ਦੀ ਖਾਕੀ ਵਰਦੀ ਦੇ ਕੰਧੇ ਉਤੇ ਲਾਲ ਖੰਭਾਂ ਵਾਲਾ ਕਪੜੇ ਦਾ ਬਾਜ ਸੀਤਾ ਹੁੰਦਾ ਹੈ। ਲੱਗਦਾ ਹੈ ਜਿਵੇਂ ਬਾਜ ਉਡਾਨ ਭਰ ਰਿਹਾ ਹੋਵੇ ਸਾਗਰ ਪਾਰ ਕਰ ਰਿਹਾ ਹੋਵੇ। ਬਾਜ ਦੇ ਖੰਭਾਂ ਦਾ ਲਾਲ ਰੰਗ ਸੰਕੇਤ ਕਰਦਾ ਹੈ ਕਿ ਹੁਣ ਚਾਰੇ ਪਾਸੇ ਚਿੱਟੇ ਖ਼ੂਨ ਦਾ ਬੋਲ ਬਾਲਾ ਹੈ- ਕਦੀ ਲਾਲ ਰੰਗ ਦਾ, ਰਾਜ ਸਿੰਘਾਸਨ ਉਤੇ ਕਬਜ਼ਾ ਹੋਵੇਗਾ।

ਜੇ ਮੈਨੂੰ ਹਵਾਈ ਸੈਨਾ ਵਿਚ ਜਾਣ ਦਾ ਮੌਕਾ ਨਾ ਮਿਲਦਾ ਤਾਂ ਮੇਰੀਆਂ ਕਹਾਣੀਆਂ ਦੇ ਪਾਤਰ ਨਿੱਕੀਆਂ ਕਿਆਰੀਆਂ ਹੁੰਦੀਆਂ। ਵਿਸ਼ਾਲ ਖੇਤ ਨਹੀਂ ਬੌਣੇ ਜਿਹੇ ਰੁੱਖ ਹੁੰਦੇ, ਘਣੇ ਜੰਗਲ ਨਹੀਂ। ਉਹ ਧਰਮ, ਜ਼ਾਤ, ਪਿੰਡ ਵਧੇਰੇ ਹੁੰਦੇ, ਮਾਨਵ ਘੱਟ। ਮਹਾਂ ਮਾਨਵ ਤਾਂ ਬਿਲਕੁਲ ਨਹੀਂ। ਜੇ ਮੈਂ ਏਅਰ ਫੋਰਸ ਨਾ ਹੁੰਦਾ, ਮੇਰੀਆਂ ਪੁਸਤਕਾਂ ਦੇ ਨਾਮ ਇਹ ਨਾ ਹੁੰਦੇ- ਮੇਰੇ ਹਿੱਸੇ ਦਾ ਆਸਮਾਨ, ਗਵਾਚ ਗਏ ਟਾਪੂਆਂ ਦੀ ਤਲਾਸ਼, ਡਾਚੀ ਵਾਲਿਆ ਮੋੜ ਮੁਹਾਰ, ਆਕਾਸ਼ ਵਰਗਾ ਬੰਦਾ, ਬਰਫ ਦੇ ਆਦਮੀ ਤੇ ਸੂਰਜ, ਨੀਰੋ ਬੰਸਰੀ ਵਜਾ ਰਿਹਾ ਸੀ, ਚਟਾਨ ਤੇ ਕਿਸ਼ਤੀ, ਕਾਲੇ ਲਿਖੁ ਨਾ ਲੇਖ....।

ਮੈਂ ਹੁਣ ਤਨਹਾਈਆਂ ਦੇ ਘਰ ਰਹਿੰਦਾ ਹਾਂ। ਲੱਤਾਂ ਕਾਹਲੀ ਕਾਹਲੀ ਨਹੀਂ ਤੁਰਦੀਆਂ। ਪਰ ਟੱਪੇ ਹੋਏ ਪਹਾੜ, ਤਰੇ ਹੋਏ ਸਾਗਰ, ਇਹਨਾਂ ਲੱਤਾਂ ਨੂੰ ਯਾਦ ਆਉਂਦੇ ਹਨ। ਹੁਣ ਮੇਰੀ ਨਿਗਾਹ ਕਮਜ਼ੋਰ ਹੋ ਗਈ ਹੈ- ਪਰ ਦੇਖੇ ਹੋਏ ਸ਼ਹਿਰਾਂ, ਗਿਰਾਂ, ਮਹਿਲ, ਸਰਾਂ ਅੱਖਾਂ ਸਾਹਮਣੇ ਹਨ। ਹੁਣ ਮੇਰੇ ਕੰਨ ਘੱਟ ਸੁਣਦੇ ਹਨ- ਪਰ ਇਹਨਾਂ ਕੰਨਾਂ ਨੂੰ ਦੇਸੀ ਵਿਦੇਸ਼ੀ ਸੰਗੀਤ, ਸੁਰਤਾਲ, ਧੁਨਾਂ, ਸੁਣਦੀਆਂ ਸਰਸ਼ਾਰ ਕਰਦੀਆਂ ਨੇ। ਪ੍ਰੀਤਲੜੀ ਤੇ ਹਵਾਈ ਸੈਨਾ ਨੇ ਪੈਰਾਂ ਹੇਠ ਧਰਤ ਦਿੱਤੀ, ਧਰਤ ਦੀ ਗਹਿਰਾਈ ਦਿੱਤੀ। ਅੱਖਾਂ ਵਿਚ ਨੀਝ ਦਿਤੀ, ਨੀਝ ਨੂੰ ਦਿਸ਼ਾ ਦਿਤੀ। ਧਰਤ ਤੇ ਅੰਬਰ ਦਾ ਸੰਗਮ ਦਿੱਤਾ। ਹਵਾਈ ਸੈਨਾ ਤੇ ਤੀਲੜੀ ਨੇ ਮੈਨੂੰ ਕਾਰਪੋਰਲ ਤੋਂ ਪਰੋਫੈਸਰ ਬਣਾਇਆ। ਸ਼ੁਕਰੀਆ ਪ੍ਰੀਤ ਲੜੀ, ਸ਼ੁਕਰੀਆ ਏਅਰ ਫੋਰਸ

**ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ 141114**
**ਮੋਬਾ: 94638-08697**

◆◆◆



# ਪੰਜਾਬੀ ਟਾਈਪ ਰਾਈਟਰ ਦਾ ਮੋਢੀ

*ਭੁਪਿੰਦਰ ਉਸਤਾਦ*

## ਲਾਲਾ ਧਨੀ ਰਾਮ ਚਾਤ੍ਰਿਕ

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ। ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ। ਕੱਛੇ ਮਾਰ ਵੰਝਲੀ ਅਨੰਦ ਛਾ ਗਿਆ। ਮਾਰਦਾ ਦਮਾਮਾ ਜੱਟ ਮੇਲੇ ਆ ਗਿਆ।" ਇਹ ਬੋਲ ਹਨ ਪੰਜਾਬੀ ਦੇ ਅਲਬੇਲੇ ਸ਼੍ਰੋਮਣੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਜੀ ਦੇ। ਬੇਸ਼ੱਕ ਉਹ ਬਹੁਤਾ ਸਕੂਲੀ ਗਿਆਨ ਹਾਸਲ ਨਹੀਂ ਸਨ ਕਰ ਸਕੇ, ਪਰ ਉਨ੍ਹਾਂ ਦੀ ਸ਼ਾਇਰੀ ਉਸ ਵੇਲੇ ਦੇ ਮੋਹਰਲੀ ਕਤਾਰ ਦੇ ਸ਼ਾਇਰਾਂ ਨਾਲ ਕਦਮ ਮਿਲਾਕੇ ਚਲਦੀ ਰਹੀ। ਅੱਜ ਵੀ ਉਨ੍ਹਾਂ ਦੀ ਕਵਿਤਾ, ਪੜ੍ਹਣ ਵਾਲਿਆਂ ਨੂੰ ਉੱਨਾ ਹੀ ਅਨੰਦਤ ਕਰਦੀ ਹੈ। ਇਹੋ ਵਧੀਆ ਰਚਨਾ ਦਾ ਸੁਨਹਿਰੀ ਗੁਣ ਹੈ।

ਲਾਲਾ ਧਨੀ ਰਾਮ ਜੀ ਦਾ ਜਨਮ ਚਾਰ ਅਕਤੂਬਰ 1876 ਨੂੰ ਮਾਤਾ ਲੱਛਮੀ ਦੇਵੀ ਦੇ ਉਦਰ ਤੋਂ, ਪਿਤਾ ਪੋਹੂਮੱਲ ਦੇ ਘਰ ਰਾਵੀ ਦੇ ਮੁੱਢ ਵਸੇ ਪਿੰਡ ਪੱਸੀਆਂਵਾਲਾ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਪੱਸੀਆਂ ਵਾਲਾ ਤਾਂ ਉਦੋਂ ਕਿੱਸਾਕਾਰ ਮੀਆਂ ਇਮਾਮ ਬਖਸ਼ ਦੀ ਕਲਾ ਕਰਕੇ ਵੀ ਮਸ਼ਹੂਰ ਹੋ ਚੁੱਕਾ ਸੀ। ਜਦੋਂ ਚਾਤ੍ਰਿਕ ਪੈਦਾ ਹੋਏ ਤਾਂ ਉਨ੍ਹਾਂ ਦੀ ਮਾਤਾ ਦੀ ਸਿਹਤ ਬਹੁਤ ਕੰਮਜ਼ੋਰ ਹੋਣ ਕਰਕੇ ਦੁੱਧ ਨਹੀਂ ਸੀ ਬਣ ਰਿਹਾ। ਇਸਕਰਕੇ ਚਾਤ੍ਰਿਕ ਦੀ ਮਾਸੀ ਲੋਪਕੇ (ਅੰਮ੍ਰਿਤਸਰ) ਰਹਿੰਦੀ ਨੇ ਕਈ ਮਹੀਨੇ ਆਪਣਾ ਦੁੱਧ ਚਾਤ੍ਰਿਕ ਨੂੰ ਦਿੱਤਾ। ਚਾਤ੍ਰਿਕ ਜਦੋਂ ਤਿੰਨ ਚਾਰ ਸਾਲ ਦੇ ਸਨ, ਉਨ੍ਹਾਂ ਦੇ ਚਾਚਾ ਜੀ, ਉਨ੍ਹਾਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ,ਮੇਲਿਆਂ, ਭਜਨ ਮੰਡਲੀਆਂ, ਰਾਸਾਂ ਅਤੇ ਛਿੰਝਾਂ ਦੇਖਣ ਲਈ ਨਾਲ ਲੈ ਜਾਂਦੇ। ਕਿਉਂਕਿ ਚਾਚੇ ਨੂੰ ਗਾਉਣ ਦਾ ਸ਼ੌਂਕ ਸੀ, ਇਸ ਤਰ੍ਹਾਂ ਉਸ ਦਾ ਵੀ ਕਿਤੇ ਨੰਬਰ ਲਗ ਜਾਂਦਾ ਸੀ। ਸੁਣੇ ਹੋਏ-ਭਜਨ, ਗੀਤ, ਛੰਦ, ਟੱਪੇ, ਚਾਤ੍ਰਿਕ ਦੇ ਬਾਲਮਨ ਉੱਤੇ ਉਕਰ ਹੁੰਦੇ ਰਹੇ। ਚਾਤ੍ਰਿਕ ਉਨ੍ਹਾਂ ਨੂੰ ਗੁਣਗੁਣਾਉਂਦੇ ਹੋਏ ਆਪ ਵੀ ਕਵਿਤਾ ਲਿਖਣ ਵੱਲ ਨੂੰ ਹੋ ਤੁਰੇ। ਚਾਤ੍ਰਿਕ ਜੀ ਦੇ ਦੋ ਭਰਾ ਅਤੇ ਤਿੰਨ ਭੈਣਾਂ ਸਨ। ਜਿਨ੍ਹਾਂ ਵਿਚੋਂ ਦੋ ਭੈਣਾ ਤੇ ਇਕ ਭਰਾ ਉਨ੍ਹਾਂ ਤੋਂ ਪਹਿਲਾਂ ਗੁਜ਼ਰ ਗਏ।

ਚਾਤ੍ਰਿਕ ਜੀ ਦਾ ਪਰਿਵਾਰ ਆਰਥਕ ਪੱਖੋਂ ਉਦੋਂ ਕਮਜ਼ੋਰ ਹੋਣ ਕਰਕੇ, ਲੰਡੇ ਤੇ ਗੁਰਮੁਖੀ ਦਾ ਮੁਢਲਾ ਗਿਆਨ ਚਾਤ੍ਰਿਕ ਜੀ ਨੇ ਪਿਤਾ ਕੋਲੋਂ ਹੀ ਲਿਆ। ਚਾਤ੍ਰਿਕ ਜੀ ਨੇ ਹੋਸ਼ ਸੰਭਾਲੀ ਹੀ ਸੀ ਕਿ ਪਰਿਵਾਰ ਨੇ ਪੱਸੀਆਂ ਵਾਲਾ ਤੋਂ "ਲੋਪੋਕੇ' ਪਿੰਡ ਵਿਚ ਆ ਵਸੇਰਾ ਕਰ ਲਿਆ। ਏਥੇ ਹੀ ਛੇਵੇਂ ਸਾਲ ਵਿਚ ਉਨ੍ਹਾਂ ਨੂੰ ਸਕੂਲੇ ਪੜ੍ਹਣ ਲਈ ਦਾਖਲ ਕਰਾਇਆ ਗਿਆ। ਦੋ ਜਮਾਤਾਂ ਏਥੇ ਪਾਸ ਕੀਤੀਆਂ ਤੇ ਅਗਲੀਆਂ ਤਿੰਨ ਜਮਾਤਾਂ ਉਨ੍ਹਾਂ ਨੇ " ਬੱਦੋ-ਮੱਲੀ" ਜ਼ਿਲ੍ਹਾ ਸਿਆਲਕੋਟ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਜਾ ਕੇ ਪਾਸ ਕੀਤੀਆਂ। ਉਹ ਪੰਜਵੀਂ ਜਮਾਤ ਤੱਕ ਹੀ ਪੜ੍ਹ ਸਕੇ। ਏਥੇ ਉਨ੍ਹਾਂ ਉਰਦੂ ਪੜ੍ਹਨਾ ਲਿਖਣਾ ਸਿੱਖਿਆ। ਕਈ ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਉਨ੍ਹਾਂ ਨੇ ਘਰ ਵਿਚ ਹੀ ਪਿਤਾ ਦੀ ਅਗਵਾਈ ਵਿਚ ਕੀਤੀ।

ਚਾਤ੍ਰਿਕ ਜੀ ਦਾ ਪਹਿਲਾ ਵਿਆਹ ਉਦੋਂ ਦੇ ਰਿਵਾਜ਼ ਅਨੁਸਾਰ ਛੋਟੀ ਉਮਰ ਵਿਚ ਹੀ ਸਕੂਲ ਪੜ੍ਹਦਿਆਂ ਹੋ ਗਿਆ ਸੀ। ਇਸ ਸ਼ਾਦੀ ਵਿਚੋਂ ਕੋਈ ਬੱਚਾ ਨਹੀਂ ਹੋਇਆ। "ਬੱਦੋਮੱਲੀ ਤੋਂ ਉਹ ਅੰਮ੍ਰਿਤਸਰ ਆ ਗਏ। ਏਥੇ ਉਨ੍ਹਾਂ ਇਸਲਾਮੀਆ ਸਕੂਲ ਵਿਚ ਦਾਖਲ ਹੋਕੇ ਅੰਗਰੇਜ਼ੀ ਦੇ ਨਾਲ ਪਰਸ਼ੀਅਨ ਲਿਖਣੀ ਪੜ੍ਹਣੀ ਸਿੱਖੀ, ਤੇ ਨਾਲ ਹੀ ਵਸੀਕਾ ਨਵੀਸੀ ਦਾ ਕੰਮ ਵੀ ਸਿੱਖਿਆ। ਵਾਪਸ ਪਿੰਡ ਜਾਕੇ ਪਿਤਾ ਨਾਲ ਦੁਕਾਨ ਉੱਤੇ ਵੀ ਕੰਮ ਕਰਦੇ ਰਹੇ। ਪਰ ਹਾਲਾਤ ਕਾਬੂ ਵਿਚ ਨਾ ਆਉਂਦੇ ਦੇਖ ਕੇ ਫਿਰ ਅੰਮ੍ਰਿਤਸਰ ਆ ਗਏ, ਨੌਕਰੀ ਕਰਨ ਲਈ।

ਨੌਕਰੀ ਦੀ ਭਾਲ ਵਿਚ ਪਿੰਡੋਂ ਅੰਮ੍ਰਿਤਸਰ ਆਏ ਚਾਤ੍ਰਿਕ ਜੀ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ। ਭਾਈ ਵੀਰ ਸਿੰਘ ਹੁਰਾਂ ਨੇ ਚਾਤ੍ਰਿਕ ਜੀ ਨੂੰ " ਕਾਤਿਬ" ਦੇ ਕੰਮ ਲਈ ਪ੍ਰੇਰਿਆ ਅਤੇ ਆਪਣੀ, ਭਾਈ ਵਜ਼ੀਰ ਸਿੰਘ ਹੁਰਾਂ ਨਾਲ ਸਾਂਝੀ ਪ੍ਰਿੰਟਿੰਗ ਪ੍ਰੈਸ ਵਿਚ ਕੰਮ ਉੱਤੇ ਰੱਖ ਲਿਆ। ਉਦੋਂ ਉਨ੍ਹਾਂ ਦੀ ਉਪਰ 17 ਕੁ ਸਾਲ ਸੀ। ਕਾਤਿਬ ਦਾ ਕੰਮ ਹੁੰਦਾ ਸੀ ਕਿਸੇ ਦੀ ਬਿਆਨ ਕੀਤੀ ਗੱਲਬਾਤ ਜਾਂ ਵਾਰਤਾ ਨੂੰ ਸੋਹਣੇ ਸ਼ਬਦਾਂ ਵਿਚ ਲਿਖਣਾ। ਚਾਤ੍ਰਿਕ ਜੀ ਦੀ ਲਿਖਾਈ ਬਹੁਤ ਸੋਹਣੀ ਖੁਸ਼ਖੱਤ ਹੁੰਦੀ ਸੀ। ਇਸ ਕਰਕੇ ਉਨ੍ਹਾਂ ਦਾ ਕੰਮ ਚੱਲ ਨਿਕਲਿਆ।ਇਸੇ ਪ੍ਰੈਸ ਵਿਚ ਹੀ ਭਾਈ ਵੀਰ ਸਿੰਘ ਜੀ ਦੀਆਂ ਕਿਤਾਬਾਂ ਛਪਦੀਆਂ ਸਨ।

ਕਾਤਿਬ " ਬਣਕੇ ਚਾਤ੍ਰਿਕ ਜੀ ਨੇ ਕਈ ਕਿਤਾਬਾਂ ਹੱਥੀਂ ਲਿਖੀਆਂ। ਇਸੇ ਪ੍ਰੈਸ ਵਿਚ ਕੰਮ ਕਰਦਿਆਂ ਹੀ ਚਾਤ੍ਰਿਕ ਜੀ ਨੇ ਆਪਣਾ ਪਹਿਲਾ ਨਾਵਲ, " ਰਸੀਆ ਸੇਠ ਲਿਖਿਆ। ਏਥੇ ਕੰਮ ਕਰਦਿਆਂ ਬਹੁਤ ਸਾਰੀਆਂ ਸਾਹਿਤਕ ਕਿਤਾਬਾਂ ਪੜ੍ਹਣ ਨੂੰ ਮਿਲ ਜਾਂਦੀਆਂ ਸਨ। ਜਿਸ ਨਾਲ ਚਾਤ੍ਰਿਕ ਦੀ ਸਾਹਿਤਕ ਭੁੱਖ ਪੂਰੀ ਹੋ ਜਾਂਦੀ ਸੀ, ਅਤੇ ਕੁਝ ਲਿਖਣ ਲਈ ਮਸਾਲਾ ਵੀ ਮਿਲ ਜਾਂਦਾ ਸੀ। ਜਦੋਂ ਉਹ ਖਾਲਸਾ ਸਮਾਚਾਰ ਵਿਚ ਛਪਦੇ ਸਨ ਤਾਂ ਉਹ ਆਪਣੇ ਨਾਮ ਦੀ ਥਾਂ ਤੇ "ਹਰ ਧਨੀ" ਦੀ ਮੋਹਰ ਲਾਉਂਦੇ ਸਨ। ਬਾਅਦ ਵਿਚ ਉਨ੍ਹਾਂ ਆਪਣਾ ਨਾਮ ਚਾਤ੍ਰਿਕ" ਰੱਖ ਲਿਆ।

ਚਾਤ੍ਰਿਕ ਦਾ ਕਹਿਣਾ ਸੀ ਕਿ ਥੋੜਾ ਲਿਖੋ ਬਹੁਤ ਵਿਚਾਰੋ। ਇੱਕ ਗੱਲ ਨੂੰ ਕਈ ਵਾਰ ਪੜ੍ਹੋ ਤੇ ਪਰਖੋ, ਵਿਚਾਰੋ, ਗਲਤੀ ਆਪ ਹੀ ਮਿਲ ਜਾਏਗੀ।

ਮਨ ਵਿਚ ਨਵੇਂ ਖ਼ਿਆਲ ਲੈਕੇ ਉਹ ਕੁਝ ਚਿਰ ਲਈ ਬੰਬਈ ਚਲੇ ਗਏ। ਉੱਥੇ ਉਨ੍ਹਾਂ ਨੇ ਪੰਜਾਬੀ ਦਾ ਪਹਿਲਾ ਟਾਈਪਰਾਈਟਰ ਆਪਣੇ ਹੱਥੀਂ ਤਿਆਰ ਕੀਤਾ। ਦੋ ਢਾਈ ਸਾਲ ਪਿੱਛੋਂ ਉਹ ਬੰਬਈ ਤੋਂ ਕੁਝ ਕਾਰੀਗਰ ਨਾਲ ਲੈਕੇ ਵਾਪਸ ਅੰਮ੍ਰਿਤਸਰ ਆ ਗਏ। ਏਥੇ ਉਨ੍ਹਾਂ ਨੇ ਸਟੈਂਡਰਡ ਟਾਈਪ ਫਾਊਂਡਰੀ ਲਾਕੇ ਗੁਰਮੁਖੀ ਦੇ ਟਾਈਪ ਨੂੰ ਹੋਰ ਵੀ ਸੁਧਾਰਿਆ, ਤਾਂਕਿ ਪੰਜਾਬੀ ਭਾਸ਼ਾ ਵਿਚ ਕਿਤਾਬਾਂ ਦੀ ਛਪਾਈ ਸੌਖੀ ਤੇ ਵਧੀਆ ਹੋ ਸੱਕੇ। ਸਟੈਂਡਰਡ ਟਾਈਪ ਫਾਊਂਡਰੀ ਲੱਗਣ ਨਾਲ ਉਨ੍ਹਾਂ ਦਾ ਰੁਜ਼ਗਾਰ ਵੀ ਚੱਲ ਪਿਆ।ਜਿਸ ਨਾਲ ਘਰ ਦਾ ਗੁਜ਼ਾਰਾ ਸੌਖਾ ਤੁਰਨ ਲੱਗਾ।

ਚਾਤ੍ਰਿਕ ਜੀ ਦੀ ਪਹਿਲੀ ਬੀਵੀ ਗੁਜਰਨ ਬਾਅਦ ਦੂਜੀ ਸ਼ਾਦੀ ਤੋਂ ਅਗਸਤ 1909 ਵਿਚ ਚਾਤ੍ਰਿਕ ਜੀ ਦੇ ਘਰ ਪਹਿਲੀ ਬੇਟੀ ਨੇ ਜਨਮ ਲਿਆ। ਉਸ ਦਿਨ ਬਸੰਤ ਪੰਚਮੀ ਦਾ ਦਿਨ ਸੀ। ਇਸ ਕਰਕੇ ਉਸਦਾ ਨਾਮ ਵਿੱਦਿਆ ਵੰਤੀ ਰੱਖਿਆ ਗਿਆ। ਉਸਤੋਂ ਪਿੱਛੋਂ



ਚਾਰ ਪੁੱਤਰ ਬਲਵੰਤ ਰਾਏ, ਜਸਵੰਤ ਰਾਏ, ਬ੍ਰਿਜ ਮੋਹਨ ਅਤੇ ਪ੍ਰੇਮ ਕੁਮਾਰ ਹੋਏ, ਪੰਜਾਬੀ ਬੋਲੀ ਅਤੇ ਕਵਿਤਾ ਨੂੰ ਅੱਗੇ ਤੋਰਨ ਲਈ ਉਨ੍ਹਾਂ ਨੇ 1926 ਵਿਚ ਹਿੰਦੂ, ਸਿੱਖ, ਮੁਸਲਮਾਨ, ਤੇ ਇਸਾਈਆਂ ਦਾ ਇਕ ਸਾਂਝਾ ਧੜਾ ਬਣਾਕੇ ਪੰਜਾਬੀ ਸਭਾ ਕਾਇਮ ਕੀਤੀ ਅਤੇ, ਕਵੀ ਦਰਬਾਰਾਂ ਦਾ ਸਿਲਸਲਾ ਸ਼ੁਰੂ ਕੀਤਾ। ਜਿਸਦੇ ਪ੍ਰਧਾਨ ਚਾਤ੍ਰਿਕ ਜੀ ਨੂੰ ਬਣਾਇਆ ਗਿਆ। ਇਨ੍ਹਾਂ ਦੀ ਹਿੰਮਤ ਨਾਲ ਹੀ ਅਕਤੂਬਰ 1927 ਵਿਚ ਪਹਿਲੀ ਪੰਜਾਬੀ ਕਾਨਫਰੰਸ ਅੰਮ੍ਰਿਤਸਰ ਵਿਚ ਹੋ ਸਕੀ। ਉਨ੍ਹਾਂ ਕਵੀ ਦਰਬਾਰਾਂ ਨਾਲ ਪੰਜਾਬੀ ਕਵਿਤਾ ਨੂੰ ਬਹੁਤ ਸਹਾਰਾ ਮਿਲਿਆ। ਵਿਧਾਤਾ ਸਿੰਘ ਤੀਰ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਹੀਰਾ ਸਿੰਘ ਦਰਦ, ਪ੍ਰੋ.ਆਈ.ਸੀ. ਨੰਦਾ, ਐਸ.ਐਸ.ਚਰਨ ਸਿੰਘ ਸ਼ਹੀਦ ਅਤੇ ਇਨ੍ਹਾਂ ਵਰਗੇ ਹੋਰ ਪੰਜਾਬੀ ਦੇ ਬਹੁਤ ਵਧੀਆ, ਸਿਰੜੀ ਤੇ ਨਾਮਵਰ ਲੇਖਕ ਪੰਜਾਬੀ ਬੋਲੀ ਅਤੇ ਪਾਠਕਾਂ ਨੂੰ ਮਿਲੇ।

ਚਾਤ੍ਰਿਕ ਜੀ ਪੇਂਡੂ ਆਬੋ -ਹਵਾ ਵਿਚ ਜੰਮੇ, ਪਲੇ ਤੇ, ਪੜ੍ਹੇ ਸਨ, ਅਤੇ ਪੇਂਡੂ ਮੇਲਿਆਂ, ਛਿੰਝਾਂ ਵਿਚ ਹੀ ਉਹ ਬਚਪਨ ਤੋਂ ਗੀਤ ਸੰਗੀਤ ਸੁਣਦੇ ਰਹੇ ਸੀ। ਇਸ ਕਰਕੇ ਉਨ੍ਹਾਂ ਵਿਚ ਪੰਜਾਬੀ ਸੱਭਿਆਚਾਰ ਦਾ ਅਸਰ ਅਤੇ ਪੰਜਾਬੀ ਬੋਲੀ ਨਾਲ ਪਿਆਰ ਨੱਕੋਨੱਕ ਭਰਿਆ ਹੋਇਆ ਸੀ। ਪੇਸ਼ ਹੈ ਇਸ ਸੰਬੰਧ ਵਿੱਚ ਉਨ੍ਹਾਂ ਦੀ ਇੱਕ ਕਵਿਤਾ

ਅਸਾਂ ਨਹੀਂ ਭੁਲਾਉਂਣੀ ਬੋਲੀ ਹੈ ਪੰਜਾਬੀ ਸਾਡੀ  
ਇਹੋ ਜਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ  
ਹੱਥੋਂ ਨਹੀਂਗਵਾਉਣੀ, ਬੋਲੀ ਹੈ ਪੰਜਾਬੀ ਸਾਡੀ।

ਉਸਦੀਆਂ ਰੁਚੀਆਂ ਧਾਰਮਿਕ ਅਤੇ ਮਨੁੱਖੀ ਮੁਹੱਬਤਾਂ ਦੀ ਸਾਂਝੀਵਾਲਤਾ ਨਾਲ ਭਰਪੂਰ ਸਨ ਉਸਨੇ ਆਪਣੀਆਂ ਰਚਨਾਵਾਂ ਵਿਚ ਕਿਰਸਾਨੀ ਜੀਵਨ, ਰੁੱਤਾਂ, ਤਿਉਹਾਰਾਂ, ਗੀਤਾਂ, ਰਸਮਾਂ, ਅਤੇ ਮਨੁੱਖਤਾ ਦੀ ਉਸਾਰੀ ਲਈ ਸਿੱਖਿਆ ਦੇ ਪਸਾਰ ਨੂੰ ਹੁਲਾਰਾ ਦਿੱਤਾ। ਦੇਸ਼ ਪਿਆਰ ਅਤੇ ਮਨੁੱਖੀ ਭਾਈਚਾਰੇ ਦੀ ਆਪਸੀ ਏਕਤਾ ਲਈ ਉਸਨੇ ਖ਼ਾਸ ਕਰਕੇ ਲਿਖਿਆ।

ਚਾਤ੍ਰਿਕ ਦੀ "ਚੰਦਨਵਾੜੀ ਕਾਵਿ ਪੁਸਤਕ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ, ਪਹਿਲਾ ਇਨਾਮ ਦਿੱਤਾ ਗਿਆ। ਉਸਦੀ ਕਵਿਤਾ ਵਿਚ ਪੰਜਾਬੀ ਜੀਵਨ ਦਾ ਪ੍ਰਗਟਾਵਾ, ਕੁਦਰਤ ਦਾ ਵਰਨਣ, ਦੇਸ਼ ਪਿਆਰ ਦਾ ਜਜ਼ਬਾ ਅਤੇ ਸਦਾਚਾਰ ਖੁੱਲਕੇ ਦਿਸਦਾ ਹੈ। ਇਸੇ ਕਰਕੇ ਚਾਤ੍ਰਿਕ ਨੂੰ ਪੰਜਾਬ ਦਾ ਕੌਮੀ ਕਵੀ ਕਹਿਕੇ ਸਤਿਕਾਰਿਆ ਗਿਆ। ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਦਾ ਕਾਰੋਬਾਰ ਬਹੁਤ ਹੀ ਵਧੀਆ ਚੱਲਣ ਲੱਗ ਪਿਆ ਸੀ। ਪੰਜਾਬੀ ਨੂੰ ਪ੍ਰਫੁੱਲਤ ਕਰਨ ਵਾਸਤੇ ਉਹ ਹਰ ਵੇਲੇ ਤਨੋ ਮਨੋ ਤਾਂ ਹਾਜ਼ਰ ਰਹਿੰਦੇ ਹੀ ਸਨ, ਧਨ ਖਰਚਣ ਲਈ ਵੀ ਉਨ੍ਹਾਂ ਕਦੇ ਹੱਥ ਨਹੀਂ ਸੀ ਘੁੱਟਿਆ। ਬਲਵੰਤ ਗਾਰਗੀ ਦੇ ਕਾਸ਼ਨੀ ਵਿਹੜੇ ਦੀ ਤਰ੍ਹਾਂ ਹੀ ਚਾਤ੍ਰਿਕ ਜੀ ਦਾ ਘਰ ਅਤੇ ਦਫ਼ਤਰ ਪੰਜਾਬੀ ਪਿਆਰਿਆਂ ਨੂੰ ਜੀ ਆਇਆਂ ਕਹਿਣ ਲਈ ਹਰ ਸਮੇਂ ਦਿਲ ਦੇ ਦਰਵਾਜ਼ੇ ਖੋਲ੍ਹਕੇ ਰੱਖਦੇ।

ਚਾਤ੍ਰਿਕ ਜੀ ਨੇ ਇਕ ਅਸੂਲ ਨੂੰ ਸਾਰੀ ਉਮਰ ਪੱਕੀ ਤਰ੍ਹਾਂ ਨਿਭਾਇਆ। ਉਹ ਸੀ ਦੁਪਹਿਰ ਨੂੰ ਡੇਢ ਵਜੇ ਤੋਂ ਤਿੰਨ ਵਜੇ ਤੱਕ ਉਨ੍ਹਾਂ ਦਾ ਸੌਣਾ। ਇਹ ਡੇਢ ਘੰਟਾ ਉਨ੍ਹਾਂ ਨੂੰ ਕੋਈ ਨਹੀਂ ਸੀ ਮਿਲ ਸਕਦਾ। ਉਡੀਕ ਕਰਨੀ ਪੈਂਦੀ ਸੀ। ਚਾਹੇ ਉਹ ਕਿੱਡਾ ਵੱਡਾ

ਅਫ਼ਸਰ ਹੋਵੇ ਜਾਂ ਵਿਉਪਾਰੀ। ਇਹ ਉਨ੍ਹਾਂ ਦਾ ਨੇਮ ਸੀ। ਜਦੋਂ ਉਹ ਲੇਖਕ ਮਿੱਤਰਾਂ ਨਾਲ ਬੈਠੇ ਹੁੰਦੇ, ਉਦੋਂ ਹਾਸੇ ਅਤੇ ਮਖੌਲ ਦੇ ਗੁਬਾਰੇ ਛੱਡਦੇ। ਇਸਤਰ੍ਹਾਂ ਲੱਗਦਾ ਜਿਵੇਂ ਕੋਈ ਸਾਹਿਤਕ ਹਾਸਰਸ ਸੰਮੇਲਨ ਚੱਲ ਰਿਹਾ ਹੋਵੇ। ਇਸ ਸੰਮੇਲਨ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੁੰਦੀ ਕਿ ਇਹ ਹਾਸਾ ਨਿਰੋਲ ਸਾਹਿਤਕ ਅਤੇ ਸਭਿਅਤਾ ਦੀਆਂ ਕਦਰਾਂ ਕੀਮਤਾਂ ਵਾਲਾ ਹੁੰਦਾ। ਇਸ ਵਿਚ ਕਿਸੇ ਦੀ ਨਿੰਦਾ ਚੁਗਲੀ, ਜਾਂ ਲੱਚਰ ਕਿਸਮ ਦੀ ਕਾਮ ਭੜਕਾਊ ਛੋਹ ਵਾਲੀ ਕਦੇ ਵੀ ਕੋਈ ਗੱਲ ਨਹੀਂ ਸੀ ਹੁੰਦੀ।

ਚਾਤ੍ਰਿਕ ਜੀ ਜੋ ਕੁਝ ਪ੍ਰਚਾਰਦੇ ਰਹੇ, ਹਿੰਦੂ ਮੁਸਲਿਮ ਏਕਤਾ, ਮਿਹਨਤ, ਹਮਦਰਦੀ, ਮਾਨਵਤਾ, ਧੀਰਜ ਆਦਿ, ਉਸਦਾ ਅਭਿਆਸ ਆਪ ਵੀ ਨਾਲ ਨਾਲ ਕਰਦੇ ਰਹੇ ਸਨ। ਉਹ ਪਿਤਾ ਅਤੇ ਪਹਿਲੀ ਪਤਨੀ ਦੀ ਮੌਤ ਪਿੱਛੋਂ ਪੰਜਾਬ ਵਿਚ ਹੋਈ ਉੱਥਲ ਪੁੱਥਲ, ਜਿਵੇਂ ਜਲ੍ਹਿਆਂ ਵਾਲਾਕਾਂਡ, ਗੁਰਦੁਆਰੇ ਦੀਆਂ ਚਾਬੀਆਂ ਲਈ ਮਹੰਤਾਂ ਵੱਲੋਂ ਸਿੱਖਾਂ ਦੀ ਵੱਢ-ਟੁੱਕ ( ਗੁਰੂ ਕੇ ਬਾਗ ਦਾ ਮੋਰਚਾ) ਫਿਰ ਹਿੰਦੂ ਮੁਸਲਿਮ ਫ਼ਸਾਦ, ਇਨ੍ਹਾਂ ਗੱਲਾਂ ਨੇ, ਉਨ੍ਹਾਂ ਦੇ ਦਿਲ ਦਿਮਾਗ 'ਤੇ ਬੁਰਾ ਅਸਰ ਕੀਤਾ। ਬਹੁਤ ਸਾਰੀਆਂ ਸਾਹਿਤਕ ਅਤੇ ਧਾਰਮਿਕ ਸੰਸਥਾਵਾਂ ਨੂੰ ਉਹ ਬਿਨਾ ਮੰਗਿਓ ' ਚੰਦਾ ਭੇਜਦੇ ਰਹਿੰਦੇ ਸਨ। ਕਿਉਂਕਿ ਉਹ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਭਾਈ ਵੀਰ ਸਿੰਘ ਜੀ ਨੇ ਇਕ ਥਾਂ ਚਾਤ੍ਰਿਕ ਜੀ ਬਾਰੇ ਲਿਖਿਆ ਹੈ ਕਿ " ਉਹ (ਧਨੀਰਾਮ) ਕੁਦਰਤ ਵਿਚੋਂ ਕਾਦਰ ਨੂੰ ਦੇਖਦੇ ਸਨ, ਇਸ ਕਰਕੇ ਹੀ ਮੌਤ ਉਨ੍ਹਾਂ ਨੂੰ ਇਕ ਪੱਕੀ ਤੇ ਸੁਖਦਾਈ ਨੀਂਦਰ ਜਾਪਦੀ ਸੀ, ਤੇ ਉਹ ਆਖਦੇ ਸਨ:

" ਜਿਸ ਘੜੀ ਬੁਲਾਵਾ ਆਵੇਗਾ,
ਹੱਥ ਜੋੜ ਹੁਕਮ ਭੁਗਤਾਵਾਂਗੇ,
ਆਉਂਦੀ ਵਾਰੀ ਕੁਝ ਰੋਏ ਸਾਂ,
ਪਰ ਹੱਸਦੇ ਹੱਸਦੇ ਜਾਵਾਂਗੇ।

ਚਾਤ੍ਰਿਕ ਜੀ ਦੀਆਂ ਪ੍ਰਸਿੱਧ ਪੁਸਤਕਾਂ ਜੋ ਛਪੀਆਂ:- 'ਦੋ ਉੱਤਮ ਜੀਵਨ' (1903), 'ਫੁੱਲਾਂ ਦੀ ਟੋਕਰੀ' (1904), 'ਭਰਥਰੀਹਰੀ' (1905), 'ਇਸਤਰੀ ਦੁੱਖਦਸ਼ੀ' (1906), 'ਧਰਮਵੀਰ' (1912), 'ਚੰਦਨਵਾੜੀ' (1931), 'ਕੇਸਰ ਕਿਆਰੀ' (1940), 'ਨਵਾਂ "ਸਾਹਿਤ ਫੁਲਵਾੜੀ ਦੇ ਪੰਜਾਬੀ ਮਾਲੀ"(45) ਜਹਾਨ'(1942),' ਨੂਰਜਹਾਂ ਬਾਦਸ਼ਾਹ ਬੇਗ਼ਮ' (1944), 'ਸੂਫ਼ੀ ਖ਼ਾਨਾ' (1950), ਵਿਚ ਪ੍ਰਕਾਸ਼ਤ ਹੋਈਆਂ।

ਚਾਤ੍ਰਿਕ ਦਾ ਜੀਵਨ ਬਹੁਤ ਸਾਦਾ ਅਤੇ ਭੜਕ ਫ਼ੜਕ ਤੋਂ ਦੂਰ ਸੀ।ਉਹ ਸੁਹਿਰਦ ਅਤੇ ਕੋਮਲ ਦਿਲ ਵਾਲੇ ਇਨਸਾਨ ਸਨ। ਬੇਸ਼ੱਕ ਉਹ ਸਰੀਰਕ ਤੌਰ ਤੇ ਅੱਜ ਸਾਡੇ ਵਿਚ ਨਹੀਂ ਹਨ, ਪਰ ਉਨ੍ਹਾਂ ਦੀਆਂ ਸਦਾਬਹਾਰ ਅਮਰ ਰਚਨਾਵਾਂ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿਚ ਉਸੇ ਮੁੱਹਬਤ ਨਾਲ ਵਸੀਆਂ ਹੋਈਆਂ ਹਨ, ਅਤੇ ਵਸੀਆਂ ਰਹਿਣਗੀਆਂ। ਏਹ ਅਲਬੇਲਾ ਸ਼ਾਇਰ 1947 ਦੇ ਫ਼ਸਾਦਾਂ ਕਾਰਣ ਦਿਲੋਂ ਹੋਰ ਵੀ ਦੁਖੀ ਹੋ ਗਿਆ। ਏਹੋ ਦੁੱਖ ਉਸਨੂੰ ਸਾਡੇ ਤੋਂ ਸਦਾ ਲਈ ਵਿਛੋੜ ਗਿਆ।ਉਹ 18 ਦਸੰਬਰ 1954 ਦਾ ਦਿਨ ਪੰਜਾਬੀ ਸਾਹਿਤ ਦੇ ਪ੍ਰੇਮੀਆਂ ਲਈ ਬਹੁਤ ਹੀ ਦੁੱਖ ਭਰਿਆ ਸੀ, ਜਿਸ ਦਿਨ ਚਾਤ੍ਰਿਕ ਸਾਡੇ ਤੋਂ ਸਰੀਰਕ ਤੌਰ ਤੇ ਸਦਾ ਲਈ ਵਿਛੜ ਗਏ। ਉਨ੍ਹਾਂ ਦੀਆਂ ਰਚਨਾਵਾਂ, ਉਨ੍ਹਾਂ ਦੀ



ਯਾਦ ਸਾਡੇ ਚੇਤਿਆਂ ਵਿਚ ਸਦਾ ਬਣਾਈ ਰੱਖਣਗੀਆਂ।

ਜਾਂਦੇ ਜਾਂਦੇ ਉਨ੍ਹਾਂ ਦੀ ਕਵਿਤਾ ਦੀਆਂ ਕੁਝ ਵੰਨਗੀਆਂ ਦਾ ਆਨੰਦ ਮਾਣਦੇ ਜਾਓ:

ਪੰਜਾਬ ! ਕਰਾਂ ਕੀ ਸਿਫ਼ਤ ਤੇਰੀ,
ਸ਼ਾਨਾ ਦੇ ਸਭ ਸਾਮਾਨ ਤੇਰੇ।
ਜਲ-ਪੌਣ ਤਿਰਾ, ਹਰਿਔਲ ਤਿਰੀ,
ਦਰਯਾਪਰਬਤ ਮੈਦਾਨ ਤਿਰੇ।
ਭਾਰਤ ਦੇ ਸਿਰ ਤੇ ਛਤ੍ਰ ਤਿਰਾ,
ਤੇਰੇ ਸਿਰ ਛਤ੍ਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫ਼ਾਂ ਦੀ,
ਸੀਨੇ ਵਿਚ ਇਕ ਸੇਕ ਜੁਆਲਾ ਦਾ।

ਕਿਸ ਦਿਲ ਵਿਚ ਤੂੰ ਆਬਾਦ ਨਹੀਂ ?
ਕਿਸ ਰਣ ਵਿਚ ਨਹੀਂ ਨਿਸ਼ਾਨ ਤਿਰਾ ?
ਕਿਸ ਮੂੰਹ ਵਿਚ ਤੇਰਾ ਅੰਨ ਨਹੀਂ ?
ਕਿਸ ਸਿਰ ਤੇ ਨਹੀਂ ਅਹਿਸਾਨ ਤਿਰਾ ?
ਤੇਰੀ ਤਹਿਜ਼ੀਬ ਕਦੀਮੀ ਹੈ,
ਇਕਬਾਲ ਤੇਰਾ ਲਾਸਾਨੀ ਹੈ।
'ਤਕਸ਼ਿਲਾ' ਤਿਰੇ ਇਤਿਹਾਸਾਂ ਦੀ
ਇਕ ਧੁੰਦਲੀ ਜਿਹੀ ਨਿਸ਼ਾਨੀ ਹੈ।
ਬਾਬਾ ਨਾਨਕ, ਬਾਬਾ ਫ਼ਰੀਦ,
ਆਪਣੀ ਛਾਤੀ ਤੇ ਪਾਲੇ ਤੂੰ,
ਦੁਨੀਆਂ ਨੂੰ ਚਾਨਣ ਦੇਣ ਲਈ,
ਕਈ ਰੋਸ਼ਨ ਦੀਵੇ ਬਾਲੇ ਤੂੰ।
(ਅੱਜ ਕੱਲ੍ਹ ਦੇ ਲੋਕ)
ਦਿਲੋਂ ਖ਼ੌਫ਼ ਖ਼ੁਦਾ ਦਾ ਦੂਰ ਹੋਇਆ,
ਵੱਜ ਗੱਜਕੇ ਪਾਪ ਕਮਾਣ ਲੋਕੀਂ।
ਬੰਦੇ ਹਿਰਸ ਦੇ ਬਣੇ ਜਹਾਨ ਅੰਦਰ,
ਵੇਚ ਖਾਂਵਦੇ ਧਰਮ ਇਮਾਨ ਲੋਕੀਂ।
ਲੈਕੇ ਚਾਰ ਆਨੇ ਪਾਸ ਹਾਕਮਾਂ ਦੇ ਜਾਕੇ,
ਝੂਠੀਆਂ ਸਹੁੰਆਂ ਚੁਕਾਣ ਲੋਕੀਂ,
ਗੰਗਾਜਲੀ ਕੁਰਾਨ ਤੇ ਹੱਥ ਧਰਕੇ,
ਦੁੱਧ ਪੁੱਤ ਦੀ ਸੋਗੰਧ ਉਠਾਣ ਲੋਕੀਂ।

**ਈ - ਜੀ 919, ਗੋਬਿੰਦਗੜ੍ਹ , ਜਲੰਧਰ**
**ਮੋ. 98762 - 08542**

# ਕਾਵਿ ਸੰਸਾਰ

## ਅੱਖਰ

**ਪ੍ਰੋ. ਕੁਲਵੰਤ ਸਿੰਘ ਔਜਲਾ**



ਵਕਤ ਨੂੰ ਬੋਲਣਾ ਤੇ ਧੜਕਣਾਂ ਸਿਖਾਉਂਦੇ ਨੇ ਅੱਖਰ
ਕਦੇ ਬਾਬਰ ਵਾਣੀ ਕਦੇ ਜ਼ਫਰਨਾਮਾ ਬਣਕੇ ਆਉਂਦੇ ਨੇ ਅੱਖਰ
ਅੱਖਰਾਂ ਦੀ ਘਾਲ ਕਮਾਈ ਸੁਰਾਂ ਤੇ ਸੁਪਨਿਆਂ ਦਾ ਵਣਜ
ਆਂਦਰਾਂ ਨੂੰ 'ਅਨੰਦ' ਤੇ 'ਆਲਹੁਣੀਆਂ' ਬਣਾਉਂਦੇ ਨੇ ਅੱਖਰ
ਅੱਖਰਾਂ ਦੀ ਆਤਮਾ 'ਚੋਂ ਵਿਯੋਗ ਤੇ ਵੈਰਾਗ ਸਿੰਮਦੇ
ਸਰੰਦਿਆ ਤੇ ਸਾਰੰਗੀ ਦੀ ਫਸਲ ਉਗਾਉਂਦੇ ਨੇ ਅੱਖਰ
ਅੱਖਰਾਂ ਦੀ ਨੀਂਹ ਵਿੱਚ ਸਾਈਂ ਮੀਆਂ ਮੀਰ ਦੀ ਚਿਣਾਈ
ਮਰਨ ਜੀਊਣ ਦਾ ਮੂਲਮੰਤਰ ਪੜ੍ਹਾਉਂਦੇ ਨੇ ਅੱਖਰ
ਅੱਖਰਾਂ ਕੋਲ ਤੱਤੀਆਂ ਤਵੀਆਂ ਦਾ ਸੇਕ ਤੇ ਸ਼ਬਦਾਵਲੀ
ਦੇ ਕੇ ਸੀਸ ਆਪਣਾ ਸ਼ਨਾਖ਼ਤਾਂ ਬਣਾਉਂਦੇ ਨੇ ਅੱਖਰ
ਅੱਖਰਾਂ ਦੀ ਨਾੜ ਨਾੜ ਵਿੱਚ ਸਾਕੇ ਤੇ ਘਲੂਘਾਰੇ
ਸਾਜ਼ਾਂ ਸਮਸ਼ੀਰਾਂ ਨਾਲ ਇਤਿਹਾਸ ਲਿਖਵਾਉਂਦੇ ਨੇ ਅੱਖਰ
ਅੱਖਰਾਂ ਦੀ ਤਪਸ਼ ਨਾਲ ਬੇਦਾਵੇ ਪਿਘਲ ਜਾਂਦੇ
ਅਹਿਸਾਸ ਦਿਲਾਂ ਦੇ ਹਵਾਵਾਂ ਨੂੰ ਸੁਣਾਉਂਦੇ ਨੇ ਅੱਖਰ
ਅੱਖਰਾਂ ਦੇ ਕਣ ਕਣ ਵਿੱਚ ਦਿਲਗੀਰੀਆਂ ਤੇ ਦਰਵੇਸ਼ੀਆਂ
ਡੁੱਬਕੇ ਇਸ਼ਕ ਵਿੱਚ ਵੰਝਲੀਆਂ ਵਜਾਉਂਦੇ ਨੇ ਅੱਖਰ
ਅੱਖਰਾਂ ਦੀ ਰੂਹ ਵਿੱਚ ਉਦਾਸੀਆਂ ਦੇ ਸੰਸਮਰਣ ਤੇ ਸੰਵਾਦ
ਕੌੜਿਆਂ ਕੰਧਾਰੀਆਂ ਨੂੰ ਸਿੱਧੇ ਰਾਹ ਪਾਉਂਦੇ ਨੇ ਅੱਖਰ
ਅੱਖਰਾਂ ਦੀ ਜਾਗੀਰ ਜੇਲ੍ਹਾਂ, ਜੰਜ਼ੀਰਾਂ ਤੇ ਜਮੂਰਖ਼ਾਨੇ
ਫ਼ੱਕਰਾਂ ਫਕੀਰਾਂ ਤੋਂ ਚੱਕੀਆਂ ਪਿਸਵਾਉਂਦੇ ਨੇ ਅੱਖਰ
ਅੱਖਰਾਂ ਦੀ ਮੌਜ ਕਿ ਕੁਲਵੰਤ ਵਰਗਿਆਂ ਤੋਂ ਵੀ
ਮਾਂ ਦੀ ਮਮਤਾ ਵਰਗੀ ਸ਼ਾਇਰੀ ਕਰਵਾਉਂਦੇ ਨੇ ਅੱਖਰ।

**ਮੋਬਾਇਲ /84377-88856**
**ਮੰਚ ਕਪੂਰਥਲਾ**
**97, ਮਾਡਲ ਟਾਉਨ, ਕਪੂਰਥਲਾ।**

◆◆◆



## ਜੋਤ ਤੋਂ ਜੋਤ ਜਗੇ

**- ਸੁਖਮਿੰਦਰ ਸੇਖੋਂ**



ਇੱਕ ਦੀਵਾ ਜਲਾ ਜਾਵਾਂ
ਤਾਂ ਚਲਾ ਜਾਵਾਂਗਾ
ਇੱਕ ਰੂਹ ਰੁਸ਼ਨਾ ਜਾਵਾਂ
ਤਾਂ ਚਲਾ ਜਾਵਾਂਗਾ
ਆਸ ਦਾ ਦੀਵਾ
ਕਦੇ ਨਾ ਬੁਝੇ ਫ਼ਕੀਰ ਸਿਆਂ
ਘਰ-ਘਰ ਰੁਸ਼ਨਾ ਜਾਵਾਂ
ਤਾਂ ਚਲਾ ਜਾਵਾਂਗਾ
ਚਲਾ ਜਾਵਾਂਗਾ
ਆਪਣਾ ਹੱਥ ਤਾਂ ਮਿਲਾ ਜ਼ਰਾ
ਇੱਕ ਵਾਅਦਾ ਲੈ ਜਾਵਾਂ
ਤਾਂ ਚਲਾ ਜਾਵਾਂਗਾ
ਤੂੰ ਮੇਰਾ-ਮੈਂ ਤੇਰਾ
ਦੱਸ ਕਿਉਂ ਨਹੀਂ ਓ ਭਾਈ
ਤੇਰ-ਮੇਰ ਨੂੰ ਮਿਟ ਜਾਵਾਂ
ਤਾਂ ਚਲਾ ਜਾਵਾਂਗਾ
ਮਿੱਟੀ ਦੀ ਮਹਿਕ
ਕਦੇ ਨਾ ਹੋਵੇ ਮਤਰੇਈ
ਇੱਕ ਬੂਟਾ ਲਗਾ ਜਾਵਾਂ
ਤਾਂ ਚਲਾ ਜਾਵਾਂਗਾ।

◆◆◆

## ਸੁਨੇਹੇ

**- ਨਿਰਮਲ ਸਿੰਘ ਖੱਖ**


ਮੈਂ ਤੁਰੀ ਅਣਜਾਣੇ ਰਾਹਾਂ ਤੇ
ਬਾਪੂ ਦੇ ਸਪਨੇ ਅਤੇ ਆਪਣੀਆਂ
ਰੀਝਾਂ ਲੈ
ਪਰਾਏ ਲੋਕਾਂ ਦੇ ਦੇਸ
ਮੈਂ ਨਹੀ ਸੀ ਜਾਣਦੀ
ਕੌੜੇ ਸੱਚ ਨੂੰ
ਜ਼ਮੀਨੀ ਹਕੀਕਤ ਨੂੰ ।
ਮੈਂ ਤਾਂ ਸਿਰਫ ਤੁਰੀ ਸੀ

ਸੁਪਨਿਆਂ ਤੇ ਰੀਝਾਂ ਨੂੰ
ਮੌਲਦਿਆਂ ਵੇਖਣ ਲਈ,
ਸੱਚ ਵਿੱਚ ਬਦਲਣ ਲਈ।
ਬਾਪੂ ਦੀ ਪੱਗ ਦੀ
ਰੱਖ ਰੱਖਣ ਲਈ
ਦਿੱਲੀ ਤੋਂ ਕੈਨੇਡਾ ਦਾ
ਹਵਾਈ ਸਫ਼ਰ
ਜਹਾਜ਼ ਮੇਰੇ ਵਰਗੇ
ਸੁਪਨੇ ਸਾਕਾਰ ਕਰਨ ਵਾਲਿਆਂ
ਨਾਲ ਨੱਕੋ ਨੱਕ ਭਰਿਆ,
ਜਦ ਟਰਾਂਟੋ ਦੇ ਏਅਰਪੋਰਟ
ਤੇ ਉਤਰਿਆ।
ਬੜੇ ਖੁਸ਼ ਸੀ ਮੇਰੇ ਵਾਂਗ
ਹੋਰ ਵੀ ਸਾਰੇ
ਤੇ ਹੋਰਨਾਂ ਵਾਂਗ ਮੈਨੂੰ ਵੀ
ਕਿਸੇ ਜਾਣੂ ਨੇ ਆਉਣਾ ਸੀ ਲੈਣ।
ਅੰਬਰ ਛੂੰਹਦੀਆਂ ਇਮਾਰਤਾਂ ਤੇ
ਆਸਾ ਪਾਸਾ ਵੇਖ ਕੇ ਖੁਸ਼ ਤੇ ਦੰਗ ਸੀ ਮੈਂ।
ਪਰ.........
ਪਰ ਕੀ ਪਤਾ ਸੀ
ਕਿ ਸੁਪਨੇ ਬੇਸਮਿੰਟ
ਦੀ ਸੁਪਨਗਾਹ ਹੋਣਗੇ।
ਦਮ ਘੁੱਟਦੇ ਛੋਟੇ ਛੋਟੇ
ਕਮਰਿਆਂ (ਕੈਬਨਾਂ) ਵਿੱਚ
ਚੜੇ ਮੇਰੇ ਵਾਂਗ ਅਨੇਕਾਂ ਵਿਦਿਆਰਥੀ
ਕੌੜੇ ਸੱਚ ਨਿਗਲਦੇ
ਡਿਪਰੈਸ਼ਨ ਦਾ ਸ਼ਿਕਾਰ ਹੋਣਗੇ
ਮੈਂ ਨਹੀ ਸੀ ਜਾਣਦੀ।
ਮੈਂ ਤਾਂ ਬੱਸ
ਦਿਲ ਚ ਇਹ ਲੈ ਕੇ
ਆਈ ਸੀ।
ਜੋ ਬਾਪੂ ਨੇ ਤੋਰਨ ਲੱਗਿਆਂ
ਨਸੀਹਤ ਦਿੱਤੀ



"ਧੀਏ! ਬੱਸ ਮੈਥੋਂ ਤੇ ਇਨਾਂ ਕੁਝ
ਹੋ ਸਕਣਾ ਸੀ
ਹੁਣ ਤੂੰ ਪੁੱਤ ਬਣਕੇ
ਆਪਣਾ ਭਾਰ ਆਪ ਚੁੱਕੀ
ਤੇ ਹਾਂ ਸੱਚ
ਆਪਾਂ ਵਿਆਜੂ ਪੈਸੇ ਵੀ ਤੇਰੀ
ਕਮਾਈ ਚੋਂ ਮੋੜਨੇ ਆ।
ਧੀਏ! ਦੱਬ ਕੇ ਕਮਾਈ ਕਰੀਂ ।"
ਪਰ ਬਾਪੂ.......
ਬਾਪੂ ਇਹ ਉਹ ਕੈਨੇਡਾ ਲਈ
ਜਿਹਦੇ ਦੁਨੀਆਂ ਸੋਹਲੇ ਗਾਉਂਦੀ ਸੀ ।
ਇਹ.......
ਇਹ ਤਾਂ ਮੈਨੂੰ ਮੋਇਆ ਦੀ ਮੰਡੀ ਲੱਗਦੇ।
ਬਾਪੂ।
ਇਹ ਤਾਂ ਨਿੱਤ ਨਵੀਂ ਜਵਾਨੀ ਦੀ
ਬਲੀ ਮੰਗਦੈ।
ਇਹ ਤਾਂ ਲਹੂ ਪੀਣਾ ਹੋ ਗਿਆ।
ਇਹ ਉਹ ਕੈਨੇਡਾ ਨਹੀਂ ਬਾਪੂ
ਜੋ ਆਪਾਂ ਚਿਤਵਿਆ ਸੀ।
ਫੀਸਾਂ ਤੇ ਕਮਰੇ ਦਾ
ਕਰਾਇਆ ਭਰਨ ਲਈ
ਕੰਮ ਮਿਲਜੇ
ਬੜਿਆਂ ਦੇ ਤਰਲੇ ਕੀਤੇ
ਨਿੱਤ ਗੁਰਦੁਆਰੇ ਦੇ
ਲੰਗਰ 'ਚੋਂ ਪੇਟ ਭਰਦੀ
ਤੇ ਤੁਰ ਪੈਂਦੀ
ਆਸ ਨੂੰ ਉਂਗਲ ਲਾ ਕੇ
ਤੈਨੂੰ ਕਿਵੇਂ ਦੱਸਾਂ ਬਾਪੂ!
ਤੈਥੋਂ ਸੁਣ ਨਈਂ ਹੋਣੇ।
ਮੈਥੋਂ ਦੱਸ ਨਈ ਹੋਣੇ
ਸਾਈਲੈਂਟ ਅਟੈਕ
ਨਾਲ ਮੋਏ
ਸੁਪਨਿਆਂ ਦੇ ਸੁਨੇਹੇ

ਹਾਂ ਬਾਪੂ !
ਮੈਂ ਠੀਕ ਕਹਿਨੀ ਆਂ
ਬੜਾ ਔਖਾ
ਥੈਥੋਂ ਝੱਲ ਨਈਂ ਹੋਣਾ !
ਮੇਰੀਆਂ ਪੱਤਝੜ ਦੇ
ਕਿਰਦੇ ਪੱਤਿਆਂ ਵਾਂਗ
ਖਿੰਡੀਆਂ ਰੀਝਾਂ ਦੇ
ਸੁਨੇਹੇ !
ਮੈਨੂੰ ਮੁਆਫ ਕਰੀਂ ਬਾਪੂ !
ਮੈਨੂੰ ਮੁਆਫ ਕਰੀਂ ਬਾਪੂ !



98158-24475

◆◆◆

**ਪ੍ਰੋ. ਬਲਦੇਵ ਸਿੰਘ ਵਾਲੀਆ**

ਭੇਟਾਂ ਪੜ੍ਹੋ ਭਜਨ ਵੀ ਗਾਓ ਜਗਰਾਤੇ ਭਾਵੇਂ ਲੱਖ ਕਰੋ
ਉੱਚੀਆਂ ਉੱਚੀਆਂ ਹੇਕਾਂ ਲਾਓ ਪਰ ਮੈਨੂੰ ਭਰਮਾ ਨਹੀਂ ਸਕਦੇ।

ਟੂਣੇ ਟੋਟਕਿਆਂ ਰਾਹੀਂ ਮੈਨੂੰ ਕਾਬੂ ਕਰਦੇ ਨੇ
ਲੱਖ ਮੰਨਤਾਂ ਮੰਗਦੇ ਨੇ ਪਰ ਮੈਨੂੰ ਭਰਮਾ ਨਹੀਂ ਸਕਦੇ।

ਆਖੰਡ ਪਾਠ ਕਰਾਈ ਜਾਵੋ ਸੁਖਮਨੀ ਦੀ ਰੱਟ ਲਾਉਂਦੇ ਨੇ
ਛੁਰੀ ਬਗਲਾਂ 'ਚ ਰੱਖੀ ਬੈਠੇ ਪਰ ਮੈਨੂੰ ਭਰਮਾ ਨਹੀਂ ਸਕਦੇ।

ਮੰਦਿਰਾਂ ਵਿੱਚ ਨੇ ਟੱਲ ਖੜਕਾਉਂਦੇ ਮੱਥੇ ਟਿੱਕੇ ਵੀ ਲਾਉਂਦੇ
ਐਵੇਂ ਭਰਮ ਜਾਲ ਵਿਛਾਉਂਦੇ ਪਰ ਮੈਨੂੰ ਭਰਮਾ ਨਹੀਂ ਸਕਦੇ।

ਜੰਗਲਾਂ ਵਿੱਚ, ਪਹਾੜਾਂ ਵਿੱਚ ਜਾ ਕੇ ਗੁਫਾਵਾਂ ਵਿੱਚ ਨੇ ਲੱਭਦੇ ਮੈਨੂੰ
ਮੈਂ ਤਾਂ ਹਰ ਦਿਲ ਵਿਚ ਵੱਸਦਾ ਹਾਂ ਉਹ ਮੈਨੂੰ ਭਰਮਾ ਨਹੀਂ ਸਕਦੇ।

ਮੁੱਲਾ ਕਾਜ਼ੀ ਅਤੇ ਪੁਜਾਰੀ ਮੇਰੇ ਬਾਰੇ ਸਭ ਕੁਝ ਕਹਿੰਦੇ
ਬੱਚਿਆਂ ਨੂੰ ਨਫ਼ਰਤ, ਦੁੱਖਾਂ ਦੇ ਕਾਤਲ ਉਹ ਮੈਨੂੰ ਭਰਮਾ ਨਹੀਂ ਸਕਦੇ।

ਮਾਲ ਲੁੱਟਦਾ ਅੱਧ-ਅੱਧ ਕਰਦੇ ਮੇਰਾ ਵੀ ਉਹ ਹਿੱਸਾ ਰੱਖਦੇ
ਗਰੀਬਾਂ ਹੱਥੋਂ ਰੋਟੀ ਖੋਂਹਦੇ ਮੈਨੂੰ ਉਹ ਭਰਮਾ ਨਹੀਂ ਸਕਦੇ।

ਦਸਾਂ ਨਹੁੰਆਂ ਦੀ ਕਿਰਤ ਕਮਾਉਂਦੇ ਬੱਚਿਆਂ ਵਿੱਚੋਂ ਰੱਬ ਲਭਦੇ ਨੇ
ਮੈਂ ਉਨ੍ਹਾਂ ਦੀਆਂ ਝੁੱਗੀਆਂ 'ਚ ਵਸਦਾ ਹਾਂ ਮੈਨੂੰ ਉਹ ਭੁਲਾ ਨਹੀਂ ਸਕਦੇ।

◆◆◆



## ਹਨੇਰਗਰਦੀ

ਪ੍ਰਿੰ: ਨਵਰਾਹੀ ਘੁਗਿਆਣਵੀ



ਨਕਲ ਮਾਰ ਕੇ ਡਿਗਰੀਆਂ ਮਾਠ ਲੈਂਦੇ,
ਅਨਪੜ੍ਹ, ਉੱਚ-ਕਲਾਸ ਪੜ੍ਹਾਉਣ ਏਥੇ।
ਠੱਗੀ-ਠੋਰੀ ਦੀ ਉਪਜ ਮਾਹੌਲ ਸਾਰਾ,
ਪੁੱਠੇ ਪਾਸੇ ਨੂੰ ਗੰਗਾ ਵਹਾਉਣ ਏਥੇ !
ਬੋਲਾ, ਅੰਨ੍ਹੇ ਦੀ ਧੂਹ-ਘੜੀਸ ਕਰਦਾ,
ਕੋਈ ਬਹੁੜਦਾ ਨਹੀਂ ਛੁਡਾਉਣ ਏਥੇ।
ਸੱਚ ਕਹਿਣ ਦਾ ਵਕਤ ਨਾ ਰਿਹਾ ਮੂਲੋਂ,
ਡਾਢੇ ਹੁੱਬ ਕੇ ਕੁਫ਼ਰ ਕਮਾਉਣ ਏਥੇ।

**ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ**
**ਫ਼ਰੀਦਕੋਟ**-151203
**ਮੋਬਾਇਲ** : 98150-02302

◆◆◆

## ਜਲੂਸ

ਹਰਭਜਨ ਸਿੰਘ ਖੇਮਕਰਨੀ

ਲੰਬੀ ਕੋਲਤਾਰ ਦੀ ਸੜਕ
ਪਾਣੀ ਵਾਂਙ ਲਿਸ਼ਕਦੀ ਲੁੱਕ
ਹਵਾ ਵਿੱਚ ਰਲਦੀ ਗਰਦ
ਬੱਸਾਂ ਕਾਰਾਂ ਦੀ ਲੰਬੀ ਕਤਾਰ
ਹਾਰਾਂ ਨਾਲ ਝੁਕੀ ਧੌਣ
ਜੈ ਜੈ ਕਾਰ ਦੀ ਵਧਦੀ ਗੂੰਜ
ਲੰਘਦਾ ਜਾ ਰਿਹਾ ਹੈ ਜਲੂਸ।

ਲੰਬੀ ਕੋਲਤਾਰ ਦੀ ਸੜਕ
ਕਿਤੇ ਕਿਤੇ ਲਿਸ਼ਕਦੀ ਲੁੱਕ
ਕਦਮਾਂ ਦੀ ਧਮਕ ਇੱਕ ਤਾਲ
ਸੜਕ ਦੀ ਹਿੱਕ ਜ਼ਖਮੀ ਕਰਦੀ
ਸੰਗੀਨੀ ਬੰਦੂਕਾਂ ਮੋਢੇ ਟਿਕਾਈ
ਸਰਕਾਰ ਦੇ ਰਾਖਿਆਂ ਦੀ ਕਤਾਰ
ਲੰਘਦੀ ਜਾ ਰਹੀ ਹੈ ਵਾਂਙ ਜਲੂਸ।
ਲੰਬੀ ਕੋਲਤਾਰ ਦੀ ਸੜਕ

ਗੀਟਿਆਂ ਸੰਗ ਚੰਬੜੀ ਲੁੱਕ
ਜ਼ਖਮੀ ਪੈਰਾਂ ’ਚੋਂ ਰਿਸਦਾ ਖ਼ੂਨ
ਸੜਕ ਲਹੂ-ਰੰਗੀ ਕਰਦਾ
ਹਵਾ ਵਿੱਚ ਨਾਅਰੇ ਘੋਲਦਾ
ਇਨਕਲਾਬ ਜ਼ਿੰਦਾਬਾਦ! ਜ਼ਿੰਦਬਾਦ!!
ਲੰਘਦਾ ਜਾ ਰਿਹਾ ਹੈ ਜਲੂਸ।

4381-ਏ
ਰਣਜੀਤਪੁਰਾ, ਪੁਤਲੀਘਰ
ਅੰਮ੍ਰਿਤਸਰ-143002
ਮੋ. 98781-31525

◆◆◆

## ਕਿਰਤੀ ਨੂੰ ਕਿਰਤਾਂ ਨਾ ਜੁੜੀਆਂ

**ਸੁਖਦੇਵ ਸਿੱਧੂ**

ਕਿਰਤੀ ਨੂੰ ਕਿਰਤਾਂ ਨਾ ਜੁੜੀਆਂ, ਓਹੀ ਮੰਦੜੇ ਹਾਲ ਪੁਰਾਣੇ ਵੇ,
ਔਹ ਕੌਣ ਸੌਦਾਗਰ ਉੱਤਰੇ ਨੇ, ਜੋ ਅਸਲੋਂ ਆਦਮਖਾਣੇ ਨੇ!
ਹੁਣ ਵਕਤ ਨਹੀਂ ਬਚਿਆ ਬਹਿਣ ਦਾ, ਇਹਨੂੰ ਟਾਲ ਕੇ ਨਾ ਗਵਾਈਏ,
ਆਓ ਦੁਨੀਆਂ ਭਰ ਦੇ ਕਿਰਤੀ ਕਾਮਿਓਂ, ਇੱਕ ਮੁੱਠ ਹੋ ਜਾਈਏ.....
ਜਿਹੜਾ ਕਿਰਤ ਕੋਈ ਵੀ ਕਰਦਾ ਹੈ, ਡੁੱਲ੍ਹੇ ਖ਼ੂਨ ਪਸੀਨਾ ਸੱਭ ਦਾ ਬਈ,
ਉਹ ਸ਼ੈਤਾਨ ਨੇ ਖੋਂਹਦੇ ਸਧਰਾਂ ਨੂੰ ਕਿਓਂ ਪਤਾ ਨਹੀਂ ਲਗਦੈ ਜੱਭ ਦਾ ਬਈ,
ਸਾਨੂੰ ਲੋੜ ਹੈ ਸੋਚ ਕੁਰੇਦਣ ਦੀ, ਲਾ ਸੱਥਾਂ ਵਿੱਚ ਸਮਝਾਈਏ...
ਇੱਕ ਵੋਟ ਡਰਾਮਾ ਰਚਕੇ ਬਈ, ਕਿੱਦਾਂ ਗੱਦੀਆਂ ਦੇ ਮਾਲਕ ਬਣਦੇ ਨੇ,
ਵੋਟਾਂ ਤੋਂ ਪਹਿਲਾਂ ਸੀ ਸਾਊ ਦਿਸਦੇ, ਫਿਰ ਲੋਕਾਂ ਵੱਲ ਅਸਲਾ ਤਣਦੇ ਨੇ,
ਜਿੱਥੋਂ ਖੁੱਸ ਗਏ ਹੱਕ ਅਰਮਾਨਾਂ ਦੇ ਉੱਥੋਂ ਖੋਹ ਖਿੱਚ ਕੇ ਲਿਆਈਏ......
ਵਿਦਵਾਨ, ਦਸਤਕਾਰ ਜਾਂ ਕਲਾਕਾਰ, ਕਾਮਾ, ਜਾਂ ਹਲ ਚਲਾਵਾ ਆ,
ਭਾਂਵੇਂ ਨੌਕਰ ਹੈ ਸਰਕਾਰੀ ਜਾਂ ਮਸ਼ੀਨਾਂ ਵਿੱਚ ਭੁੱਜ ਜਾਂਦਾ ਹੱਕੀ ਦਾਅਵਾ ਆ,
ਅਸੀਂ ਨਿੱਜ ’ਚੋਂ ਬਾਹਰੀ ਨਿੱਕਲਣ ਦੇ ਥਾਂ-ਥਾਂ ਮਤੇ ਪਕਾਈਏ......
ਤੂਫ਼ਾਨ ਹਨੇਰੀਆਂ ਜ਼ਬਰ ਦੇ ਮੂਹਰੇ ਕਿਰਤਾਂ ਭਿੜਦੀਆਂ ਰਹੀਆਂ ਨੇ,
ਲੋਕ ਘੋਲਾਂ ਦੀ ਤਾਕਤ ਬਣ ਕੇ ਲਹਿਰਾਂ ਖਿੜਦੀਆਂ ਰਹੀਆਂ ਨੇ,
ਲਈਏ ਬਾਲ ਮਿਸ਼ਾਲਾਂ ਭਰ ਜਜ਼ਬੇ, ਐਹ ਧਰਤੀ ਨੂੰ ਰੁਸ਼ਨਾਈਏ.......।

ਪਿੰਡ ਤੇ ਡਾ. ਸਿੱਧਵਾਂ ਦੋਨਾਂ
ਜ਼ਿਲ੍ਹਾ ਕਪੂਰਥਲਾ-144625
ਮੋ. 98886-33481



# ਗ਼ਜ਼ਲ ਸੱਥ

## ਪ੍ਰੋ. ਜਸਵੰਤ ਸਿੰਘ ਕੈਲਵੀ

**ਬਹਿਰ (ਮੁਜ਼ਾਰਿਆ ਮੁਸਮੈਨ ਅਖ਼ਰਬ)**



ਖੇਤ ਅੰਦਰ ਬੀਜ ਉੱਗੇ ਜੇ ਨਮੀ ਜੇ ਵੱਤ ਹੋਵੇ!
ਮਾਣ ਪਾਵੇ ਆਦਮੀ ਉਹ ਜੇਸ ਅੰਦਰ ਮਤਿ ਹੋਵੇ!

ਮਾਸ ਦੇ ਇੱਕ ਲੋਥੜੇ ਨੂੰ ਆਦਮੀ ਨਹੀਂ ਆਖ ਸਕਦੇ!
ਹੈ ਜ਼ਰੂਰੀ ਓਸ ਅੰਦਰ ਜਾਨ ਹੋਵੇ-ਰੱਤ ਹੋਵੇ!

ਨਾਰ, ਚਰਖਾ ਡਾਹ ਲਵੇ ਜੇ ਬੈਠ ਜਾਏ ਮੱਲ ਪੀਹੜਾ
ਪੂਣੀਆਂ ਦੇ ਬਾਝ ਦੱਸੋ ਸੂਤ ਕਿੱਦਾਂ ਕੱਤ ਹੋਵੇ?

ਬਾਗ਼ ਅੰਦਰ ਰੌਣਕਾਂ ਨੇ ਨਾਗ਼ਮੇਲਾ ਵੇਖੀਏ-ਤਾਂ
ਜੇ ਕਿਸੇ ਵੀ ਸਾਖ਼ ਉੱਤੇ ਫੁੱਲ ਹੋਵੇ! ਪੱਤ ਹੋਵੇ?

ਸੋਚ ਕੇ ਬੋਲਦਾ ਹੈ ਓਸ ਦਾ ਹੈ ਮਾਣ ਹੁੰਦਾ!
ਬਾਤ ਉਹ ਵੀ ਬਾਤ ਚੰਗੀ ਜੇਸ ਅੰਦਰ ਤੱਤ ਹੋਵੇ!

ਭਟਕਦੇ ਨੇ ਲੋਕ ਥਾਂ-ਥਾਂ ਡੇਰਿਆਂ ਤੇ ਰੋਜ਼ ਯਾਰੋਂ!
ਜੇ ਗੁਰੂ ਤੋਂ ਲੈਣ ਸਿੱਖਿਆ ਤਾਂ ਉਹਨਾਂ ਦੀ ਮਤਿ ਹੋਵੇ!

ਰੋਜ਼ ਹੀ ਤੂੰ ਵੇਖਦਾ ਹੈਂ ਕੈਲਵੀ ਤੂੰ ਆਖ ਸੱਚੀ
ਖ਼ੂਨ ਡੁੱਲੇ, ਤਖ਼ਤ ਡੋਲੇ ਜਦ ਜ਼ੁਲਮ ਦੀ ਅਤਿ ਹੋਵੇ!

ਲੋਭ ਲਾਲਚ ਖ਼ੋਰ ਦੇਂਦਾ ਏਸ ਨੂੰ ਹੈ ਭੋਰ ਦੇਂਦਾ।
ਤੋੜ ਚੜ੍ਹਦੈ ਉਹ ਹੀ ਰਿਸ਼ਤਾ ਜੇਸ ਵਿੱਚ ਅਪਣੱਤ ਹੋਵੇ!

ਬੀ-597, ਰਣਜੀਤ ਐਵੀਨਿਊ
ਅੰਮ੍ਰਿਤਸਰ-143001
ਮੋ. 98783-81474

◆◆◆

## ਗੁਰਭਜਨ ਗਿੱਲ



ਮੇਰਾ ਵੀਰ ਜਤਿੰਦਰ ਪੰਨੂੰ, ਤੇਜ਼ ਧਾਰ ਤਲਵਾਰ ਦੇ ਵਰਗਾ।
ਹਰ ਪਲ ਹਰ ਥਾਂ, ਨਜ਼ਰ ਟਿਕਾਏ, ਕੋਈ ਨਾ ਮੇਰੇ ਯਾਰ ਦੇ ਵਰਗਾ।
ਉਸ ਨੂੰ ਸੁਣ ਕੇ ਹਰ ਵਾਰੀ ਹੀ, ਜੀਅ ਕਰਦੈ ਸੁਣਦੇ ਰਹੀਏ,
ਦੁਸ਼ਮਣ ਖ਼ਾਤਰ ਸ਼ਬਦ ਹਮੇਸ਼ਾ, ਵਰਤੇ ਤੇਜ਼ ਕਟਾਰ ਦੇ ਵਰਗਾ।

ਤਰਨ ਤਾਰਨੀ ਪੌਣ ਤੇ ਪਾਣੀ ਸਾਹੀਂ ਬਾਣੀ ਗੁਰ ਅਰਜੁਨ ਦੀ,
ਦੁਸ਼ਟ ਦਮਨ ਦਾ ਆਗਿਆਕਾਰੀ, ਅਣਖ਼ੀਲੀ ਭਬਕਾਰ ਦੇ ਵਰਗਾ।
ਤਰਕ, ਦਲੀਲ ਤੇ ਸ਼ਬਦ ਮੁਹਾਰਤ, ਚਿਣ ਚਿਣ ਵਾਕ ਪੜ੍ਹਾਵੇ ਸਾਨੂੰ,
ਮੇਰੇ ਦੇਸ਼ ਪੰਜਾਬ ਦੀ ਪੂੰਜੀ, ਦਾਨਿਸ਼ਵਰ ਦਸਤਾਰ ਦੇ ਵਰਗਾ।
ਮੰਡੀ ਅੰਦਰ ਮਾਲ ਵਿਕਾਊ, ਸ਼ਰਮ ਧਰਮ ਸਭ ਲੁਕਦੇ ਫਿਰਦੇ,
ਦੇਸ ਅਤੇ ਪਰਦੇਸ 'ਚ ਬੜ੍ਹਕੇ, ਸਾਣ ਚੜ੍ਹੇ ਹਥਿਆਰ ਦੇ ਵਰਗਾ।
ਧਰਤੀ ਦੀ ਮਰਿਆਦਾ ਸਮਝੇ, ਬੀਤਿਆ, ਅੱਜ ਤੇ ਜਾਣੇਂ ਕੱਲ੍ਹ ਨੂੰ,
ਸੂਰਜ ਤੋਂ ਪਰਵਾਜ਼ ਅਗੇਰੇ, ਰੂਹੋਂ ਬਾਜ਼ ਉਡਾਰ ਦੇ ਵਰਗਾ।
ਅਗਨ ਨਿਰੰਤਰ, ਲਗਨ ਅਥਾਹ ਤੇ, ਦਮ ਦਮ ਫ਼ਿਰਨ ਸਵਾਸੀਂ ਤੁਰਦੇ,
ਨੇਰ ਨਿਸ਼ਾਵਰ ਦਿਲ ਦੀ ਪੂੰਜੀ, ਦੌਲਤਮੰਦ ਦਿਲਦਾਰ ਦੇ ਵਰਗਾ।

113-ਐਫ, ਸ਼ਹੀਦ ਭਗਤ ਸਿੰਘ ਨਗਰ
ਪੱਖੋਵਾਲ ਰੋਡ, ਲੁਧਿਆਣਾ-141013
ਮੋ. 98726-31199

◆◆◆

## ਪ੍ਰਤਾਪ ਪਾਰਸ ਗੁਰਦਾਸਪੁਰੀ



ਕਿਸ਼ਤੀ ਡੁੱਬ ਗਈ ਆ ਕੇ ਜਦੋਂ ਕਿਨਾਰਿਆਂ 'ਤੇ।
ਰੰਝ ਜਿਹਾ ਇਕ ਰਹਿ ਗਿਆ ਖੜ੍ਹੇ ਪਿਆਰਿਆਂ 'ਤੇ।

ਚੰਗਾ ਹੋਇਆ ਭਰਮ ਇਹ ਟੁੱਟਿਆ ਅੜੀਅਲ ਦਾ,
ਦਿਲ ਕਮਲੇ ਨੂੰ ਮਾਣ ਸੀ ਬੜਾ ਸਹਾਰਿਆਂ 'ਤੇ।

ਇਹ ਤੇਰੀ ਕਮਜ਼ੋਰੀ ਜੋ ਤੂੰ ਸਮਝੇ ਨਾ,
ਕਰ ਬਹਿਨੈਂ ਇਤਬਾਰ ਤੂੰ ਲੋਕਾਂ ਸਾਰਿਆਂ 'ਤੇ।

ਆਪਾਂ ਕਦੇ ਨਾ ਪਰਖੇ ਪਰਦੇ ਚੱਲਦੇ ਰਹੇ,
ਮਲ੍ਹਮਾਂ ਲਾਉਂਦੇ ਰਹਿ ਗਏ ਅੰਗ ਨਿਕਾਰਿਆਂ 'ਤੇ।

ਦਸਤਾ ਬਣਿਆ ਹੋਇਆ ਹਿੱਸਾ ਆਪਣਾ ਸੀ,
ਕੀ ਰੁੱਖਾਂ ਦਾ ਰੋਸਾ ਫਿਰ ਹੈ ਆਰਿਆਂ 'ਤੇ।

ਇਕ ਵਾਰੀ ਫਿਰ ਉੱਠ ਤੂੰ ਸਾਗਰ ਜਿੱਤਣ ਲਈ,
ਟੇਕ ਨਾ ਰੱਖੀਂ 'ਪਾਰਸ' ਸਿਰਫ ਸਿਤਾਰਿਆਂ 'ਤੇ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ**
**ਫੋਨ 9988811681**



## ਸਰਦਾਰ ਪੰਛੀ

ਜ਼ਿੰਦਗੀ ਦੀ ਪੀਂਘ ਨੂੰ ਐਸਾ ਹੁਲਾਰਾ ਆ ਗਿਆ।
ਹੁਣ ਮੇਰੇ ਪੈਰਾਂ ਦੇ ਨੇੜੇ ਹਰ ਸਿਤਾਰਾ ਆ ਗਿਆ।

ਇਸ਼ਕ ਦੇ ਸ਼ਿਕਵੇ ਗਿਲ੍ਹੇ ਸਭ ਓਸ ਦੇ ਵਿਚ ਰੁੜ੍ਹ ਗਏ;
ਹੁਸਨ ਦੇ ਨੈਣਾਂ 'ਚ ਜਦ ਇਕ ਹੰਝੂ ਖਾਰਾ ਆ ਗਿਆ।

ਦੇ ਗਈ ਉਸ ਨੂੰ ਝਕਾਨੀ ਮਹਿਕ ਉਸਦੀ ਆਪਣੀ;
ਜਿਸ ਨੂੰ ਲੱਭਦਾ ਹਿਰਨ ਜਾਲ ਅੰਦਰ ਵਿਚਾਰਾ ਆ ਗਿਆ।

ਜਾਣਦਾ ਸੀ ਉਹ ਕਿ ਉਸ ਨੂੰ ਹਰ ਕਿਸੇ ਦੁਰਕਾਰਨਾ;
ਦਰਦ ਮੇਰੇ ਕੋਲ ਏਸੇ ਡਰ ਦਾ ਮਾਰਾ ਆ ਗਿਆ।

ਰੋਕਿਓ ਮੇਰਾ ਜਨਾਜ਼ਾ ਪਲ ਦੋ ਪਲ ਲਈ ਰੋਕਿਓ;
ਕਰ ਲਵਾਂ ਦੀਦਾਰ ਸੱਜਣ ਦਾ ਦੁਆਰਾ ਆ ਗਿਆ।

ਰੋਜ਼ ਮੈਂ ਪੜ੍ਹਿਆ ਕਰਾਂਗਾ ਆਪਣੀ ਭਾਸ਼ਾ ਦੇ ਵਿੱਚ ;
ਕਲਪਣਾ ਵਿਚ ਤੇਰੇ ਮੁਖੜੇ ਦਾ ਉਤਾਰਾ ਆ ਗਿਆ।

ਫਿਰ ਤੇਰੀ ਚਿੱਠੀ ਕੀ ਆਈ ਜੀਣ ਦੀ ਆਸ਼ਾ ਜਗੀ ;
ਵਰ੍ਹਿਆਂ ਪਿੱਛੋਂ ਜੀਣ ਦਾ ਦਿਲ ਨੂੰ ਸਹਾਰਾ ਆ ਗਿਆ।

ਮੁਸਕਣੀ ਤੇਰੀ ਨੂੰ ਤੱਕ ਕੇ ਖਿੜਿਆ ਸੀ ਜਦ ਮੇਰਾ ਬਾਗ਼ ;
ਮੇਰੀਆਂ ਅੱਖਾਂ 'ਚ ਅੱਜ ਓਹੀ ਨਜ਼ਾਰਾ ਆ ਗਿਆ।

ਖ਼ੁਦ ਨੂੰ ਮਰਿਆ ਹੋਇਆ ਹੀ ਹੁਣ ਤੱਕ ਸਮਝਿਆ ਜੋ ਰਿਹਾ;
ਹੁਣ ਤਾਂ ਜਾਪੇ ਧਰਤ ਤੇ 'ਪੰਛੀ' ਦੁਬਾਰਾ ਆ ਗਿਆ।

**ਜੇਠੀ ਨਗਰ, ਮਾਲੇਰਕੋਟਲਾ ਰੋਡ ਖੰਨਾ-141401, ਪੰਜਾਬ**
**94170-91668**

◆◆◆

## ਸਰਦਾਰੀਆਂ ਨਾ ਆਉਂਦੀਆਂ

**ਮਲਕੀਤ ਦਰਦੀ**



ਗਰੀਬ ਉਤੇ ਕਦੇ ਸਰਦਾਰੀਆਂ ਨਾ ਆਉਂਦੀਆਂ,
ਅਮੀਰ ਉਤੇ ਕਦੇ ਦੁਸ਼ਵਾਰੀਆਂ ਨਾ ਆਉਂਦੀਆਂ।

ਦਿਲ 'ਚ ਖੋਟ ਹੋਵੇ ਪੈਸੇ ਦਾ ਪਿਆਰ ਹੋਵੇ,
ਆਸ਼ਕਾਂ ਦੇ ਦਿਲ ਦਿਲਦਾਰੀਆਂ ਨਾ ਆਉਂਦੀਆਂ,

ਇਸ਼ਕ ਹੀ ਇਲਾਜ ਹੁੰਦਾ ਆਸ਼ਕਾਂ ਦੇ ਰੋਗ ਦਾ,
ਵੈਦ ਨੂੰ ਇਹ ਸਮਝ ਬਿਮਾਰੀਆਂ ਨਾ ਆਉਂਦੀਆਂ,

ਵਿਆਹ ਵਾਲੇ ਸੂਟ ਹੁਣ ਆਉਂਦੇ ਰੈਡੀਮੇਡ ਨੇ,
ਦਾਜ 'ਚ ਹੁਣ ਫੁਲਕਾਰੀਆਂ ਨਾ ਆਉਂਦੀਆਂ,

ਦਲ ਬਦਲੂ ਵੀ ਨੇਤਾ ਬੈਠ ਜਾਂਦੇ ਗੱਦੀਆਂ 'ਤੇ
ਲੋਕ ਸੇਵਕਾਂ ਨੂੰ ਕਲਾਕਾਰੀਆਂ ਨਾ ਆਉਂਦੀਆਂ।

ਮਿਲੇ ਇਨਸਾਫ਼ ਜੇ ਚਿਰ ਬਾਅਦ ਪੀੜਤਾਂ ਨੂੰ,
ਦੋਸ਼ੀਆਂ ਦੇ ਸੀਨੇ 'ਚ ਕਟਾਰੀਆਂ ਨਾ ਆਉਂਦੀਆਂ।

ਗ਼ਜ਼ਲਾਂ ਦਾ ਹਾਰ ਸ਼ਿਅਰ ਵੱਖਰਾ ਖਿਆਲ ਹੁੰਦਾ,
ਕਵਿਤਾ 'ਚ ਇਹ ਸੁਰਾਂ ਸਾਰੀਆਂ ਨਾ ਆਉਂਦੀਆਂ,

'ਦਰਦੀ' ਜੇ ਪਹਿਲਾਂ ਪੈਸਾ ਰੱਖਦਾ ਸੰਭਾਲਕੇ,
ਸੇਵਾ-ਮੁਕਤ ਹੋ ਕੇ ਲਾਚਾਰੀਆਂ ਨਾ ਆਉਂਦੀਆਂ

**ਟੀ-2/359, ਰਣਜੀਤ ਸਾਗਰ ਡੈਮ**
**ਸ਼ਾਹਪੁਰ ਕੰਡੀ ਟਾਊਨਸ਼ਿਪ-145029**
**ਜ਼ਿਲ੍ਹਾ ਪਠਾਨ ਕੋਟ**
**ਮੋ. 73474-89902**

◆◆◆

## ਰਜਿੰਦਰ ਵਰਮਾ



ਵੇਖਿਆ ਮੈਂ ਅਜਬ ਨਜ਼ਾਰਾ ਵੇਖਿਆ।
ਚੱਲਦਾ ਸੀਸ ਉਤੇ ਮੈਂ ਆਰਾ ਵੇਖਿਆ।

ਭਾਈ ਮਤੀਦਾਸ ਸੀਸ ਝੁਕਾਇਆ ਏ,
ਪਰ, ਪਾਪੀ ਦਾ ਹੱਥ ਭਾਰਾ ਵੇਖਿਆ।

ਸਤਿਨਾਮ ਦਾ ਹੋ ਰਿਹੈ ਮੁੱਖੋ ਜਾਪ,
ਮਿਲਿਆ ਉਸ ਡਾਢੇ ਦਾ ਸਹਾਰਾ ਵੇਖਿਆ

ਖ਼ੂਨ ਨਾਲ ਲੱਥ-ਪੱਥ ਹੋ ਗਿਆ ਸੀ ਉਹ ਆਰਾ,
ਪਾਪੀ ਦਾ ਉਸ ਵੇਲੇ ਕੋਝਾ ਕਾਰਾ ਵੇਖਿਆ।

ਸੀ ਨਾ ਮੁੱਖੋਂ ਉਚਾਰੀ। ਸੀ ਸਿੰਘ ਸੂਰਮੇ,
ਉਹ ਜਿੱਤਿਆ, ਪਾਪੀ ਮੈਂ ਹਾਰਾ ਵੇਖਿਆ।

**327, ਗੁਰੂ ਗੋਬਿੰਦ ਸਿੰਘ ਨਗਰ**
**ਗਲੀ ਨੰ. 8/6, ਨਿਊ ਸ਼ਿਮਲਾਪੁਰੀ**
**ਲੁਧਿਆਣਾ-141003**
**ਮੋ. 98156-60419**



# ਗੀਤ ਪਟਾਰੀ

**ਸਰਦਾਰ ਪੰਛੀ**

ਆਸ਼ਿਕ ਅਤੇ ਮਸ਼ੂਕ ਵਿਚਾਲੇ ਪੂਰਾ ਹੋ ਇਕਰਾਰ ਗਿਆ।
ਸਿਦਕ ਜਿੱਤਿਆ 'ਸੋਹਣੀ' ਦਾ ਦਰਿਆ ਦਾ ਪਾਣੀ ਹਾਰ ਗਿਆ।
ਉਹ ਕਾਲੀ ਬੋਲੀ ਰਾਤ ਵੀ ਸੀ, ਤੇ ਕਹਿਰਾਂ ਦੀ ਬਰਸਾਤ ਵੀ ਸੀ।
ਹਰ ਲਹਿਰ ਚਪੇੜਾਂ ਮਾਰਦੀ ਸੀ, ਸੋਹਣੀ ਨੂੰ ਤਾਲਾਬ ਦੀਦਾਰ ਦੀ ਸੀ।
ਇਕ ਪਾਸੇ ਜ਼ੋਰ ਝਨਾਂ ਦਾ ਸੀ, ਇਕ ਪਾਸੇ ਇਸ਼ਕ ਦੋਹਾਂ ਦਾ ਸੀ।
ਇਕ ਪਾਸੇ ਦਰਿਆ ਸ਼ੂਕਦਾ ਸੀ, ਇਕ ਪਾਸੇ ਸਿਦਕ ਮਸ਼ੂਕ ਦਾ ਸੀ।
ਇਕ ਪਾਸੇ ਹਠ ਸੀ ਪਾਣੀ ਦਾ, ਇਕ ਪਾਸੇ ਹੱਠ ਜ਼ਨਾਨੀ ਦਾ।
ਫਿਰ ਮਾਣ ਮੱਤੀਆਂ ਲਹਿਰਾਂ, ਮਿੱਟੀ ਵਿਚ ਮਿਲ ਹੰਕਾਰ ਗਿਆ।
ਸਿਦਕ ਜਿੱਤਿਆ ਸੋਹਣਾ ਦਾ ਦਰਿਆ ਦਾ ਪਾਣੀ ਹਾਰ ਗਿਆ।
ਕੀ ਹੋਇਆ ਘੜਾ ਜੇ ਕੱਚਾ ਸੀ, ਸੋਹਣੀ ਦਾ ਇਸ਼ਕ ਤਾਂ ਸੱਚਾ ਸੀ।
ਕੀ ਹੋਇਆ ਦੂਰ ਕਿਨਾਰਾ ਸੀ, ਪਰ ਯਾਰ ਜਾਨ ਤੋਂ ਪਿਆਰਾ ਸੀ।
ਕੀ ਹੋਇਆ ਰਾਤ ਹਨੇਰੀ ਸੀ, ਅੱਖੀਆਂ ਵਿੱਚ ਜੋਤ ਬਥੇਰੀ ਸੀ।
ਕੀ ਹੋਇਆ ਤੇਜ਼ ਹਵਾ ਵੀ ਸੀ, ਉਹਦੇ ਦਿਲ ਦੇ ਵਿਚ ਖ਼ੁਦਾ ਵੀ ਸੀ।
ਪਾਣੀ ਦੀ ਤਿੱਖੀ ਧਾਰ ਵੀ ਸੀ, ਉਹਦਾ ਪੰਜਾ ਇਕ ਪਤਵਾਰ ਵੀ ਸੀ।
ਘੜਾ ਖੁਰ ਗਿਆ ਅੱਧ ਵਿਚਾਲੇ, ਇਸ਼ਕ ਦਾ ਬੇੜਾ ਪਾਰ ਗਿਆ।
ਸਿਦਕ ਜਿੱਤਿਆ ਸੋਹਣੀ ਦਾ ਦਰਿਆ ਦਾ ਪਾਣੀ ਹਾਰ ਗਿਆ।

**ਜੇਠੀ ਨਗਰ, ਮਾਲੇਰਕੋਟਲਾ ਰੋਡ ਖੰਨਾ-141401, ਪੰਜਾਬ**
**94170-91668**

◆◆◆

**ਜਗਜੀਤ ਸਿੰਘ 'ਗੁਰਮ'**



ਕਿੱਥੇ ਗਈ ਸਾਡੇ ਹਿੱਸੇ ਵਾਲੀ ਸੱਜਰੀ ਸਵੇਰ।
ਅਸੀਂ ਜਿੱਧਰ ਵੀ ਜਾਈਏ ਅੱਗੋਂ ਟੱਕਰੇ ਹਨ੍ਹੇਰ

ਸਾਡੇ ਵੱਡਿਆ ਜੋ ਨ੍ਹੇਰਿਆਂ 'ਚ ਰੋਸ਼ਨੀ ਜਗਾਈ।
ਦੋਖੀ ਮਾਰ ਮਾਰ ਫੂਕਾਂ ਜਾਣ ਸਭ ਨੇ ਬੁਝਾਈ।
ਉਹ ਤਾਂ ਥਾਂ ਥਾਂ 'ਤੇ ਲਾਈ ਜਾਂਦੇ ਵੰਡੀਆਂ ਦੇ ਢੇਰ।
ਕਿੱਥੇ ਗਈ ਸਾਡੇ ਹਿੱਸੇ..........।

ਕਦੇ ਵੇਖਦੇ ਨਾ ਚਾਨਣੇ 'ਚੋ ਪਿਆਰ ਵਾਲੀ ਲੋਅ।
ਉਹ ਜੋ ਨ੍ਹੇਰਿਆ ਦੇ ਜਾਏ ਲੈਣ ਬੂਹੇ ਸਦਾ ਢੋਅ।

ਸਾਡੇ ਰਾਹਾਂ ਵਿੱਚ ਪਾਉਂਦੇ ਧੋਖੇ ਨਾਲ ਵੱਲ ਫੇਰ।
ਕਿੱਥੇ ਗਈ ਸਾਡੇ ਹਿੱਸੇ...........।

ਔਹ ਹੈ ਤੇਰਾ ਆਹ ਹੈ ਮੇਰਾ ਜਾਣ ਸਾਨੂੰ ਸਮਝਾਈ।
ਸਾਡੇ ਹੱਕ ਵੀ ਲੈ ਜਾਣ ਨਾਲੇ ਕਿਰਤ ਕਮਾਈ।
ਮਨ ਤਨ ਵੀ ਸਾਡੇ ਨੂੰ ਵੀ ਸਦਾ ਰੱਖਦੇ ਨੇ ਘੇਰ।
ਕਿੱਥੇ ਗਈ ਸਾਡੇ ਹਿੱਸੇ...........।

ਅਸੀਂ ਚਾਹੁੰਦੇ ਸਭ ਰਲ ਮਿਲ ਮਾਣੀਏ ਏਹ ਧੁੱਪਾਂ।
ਸਾਡੇ ਵਿਹੜਿਆਂ 'ਚੋ ਮੁਕ ਜਾਣ ਲੰਮੀਆਂ ਏਹ ਚੁੱਪਾਂ।
ਰੱਖੀਂ ਸੋਚ 'ਗੁਰਮਾ' ਏਹ ਭਾਵੇਂ ਲੱਗੇ ਕਿੰਨੀ ਦੇਰ।

ਕਿੱਥੇ ਗਈ ਸਾਡੇ ਹਿੱਸੇ ਵਾਲੀ ਸੱਜਰੀ ਸਵੇਰ।
ਅਸੀਂ ਜਿੱਧਰ ਵੀ ਜਾਈਏ ਅੱਗੋਂ ਟੱਕਰੇ ਹਨ੍ਹੇਰ।

**ਮਕਾਨ ਨੰ:** 1008/29/2, **ਗਲੀ ਨੰ:** 8
**ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ।**
**ਮੋ.- 99147 01668**

◆◆◆

## ਤੈਨੂੰ ਖੁਸ਼ ਰੱਖੇ ਰੱਬ ਸੱਜਣਾ

**ਸੁਰਜੀਤ ਦੇਵਲ**



ਮੈਥੋਂ ਟੁੱਟਿਐਂ ਕਿਸ ਗੱਲੋਂ, ਨਾ ਤੱਤੜੀ ਨੂੰ ਦਸਦੈਂ ਤੂੰ।
ਤੈਨੂੰ ਖੁਸ਼ ਰੱਖੇ ਰੱਬ ਸੱਜਣਾ, ਜਿੱਥੇ ਵੀ ਵੱਸਦੈਂ ਤੂੰ।
ਜਦ ਮਸਤ ਝਨਾਂ ਸੱਜਣਾ ਜੋਬਨ ਦੀ ਵਗਦੀ ਐ।
ਨੈਣਾਂ ਦੇ ਵਣਜ ਹੁੰਦੇ, ਜ਼ਿੰਦ ਦਾਅ ਤੇ ਲਗਦੀ ਐ।
ਵਸਲਾਂ ਦੀ ਖ਼ੈਰ ਮੰਗੇ, ਬ੍ਰਿਹਾ ਨਾਲ ਡੱਸਦੈਂ ਤੂੰ।
ਤੈਨੂੰ ਖੁਸ਼ ਰੱਖੇ ਰੱਬ......
ਪੁੰਨਿਆਂ ਦੇ ਚੰਨ ਦਾ ਤੂੰ, ਦਿੱਤਾ ਸੀ ਖ਼ਿਤਾਬ ਮੈਨੂੰ।
ਝੱਟ ਖਿੜਿਆ ਦਿਲ ਦਾ ਮੈਂ, ਦਿੱਤਾ ਗ਼ੁਲਾਬ ਤੈਨੂੰ।
ਜਿੰਨਾ ਨੇੜੇ ਢੁੱਕਦੀ ਮੈਂ ਉਨ੍ਹਾਂ ਦੂਰ ਨੱਸਦੈਂ ਤੂੰ।
ਤੈਨੂੰ ਖੁਸ਼ ਰੱਖੇ ਰੱਬ.......
ਨੋਚੇ ਮੇਰੇ ਬੁੱਲ੍ਹਾਂ ਤੋਂ, ਤੇਰੇ ਹਿਜਰ ਨੇ ਹਾਸੇ ਵੇ।
ਔੜਾਂ ਮਾਰੇ ਬੁੱਲ੍ਹ ਮੇਰੇ, ਤੇਰੇ ਮੋਹ ਦੇ ਪਿਆਸੇ ਵੇ।
ਮੇਰੇ ਦਿਲ ਦੀਆਂ ਰੀਝਾਂ ਦਾ, ਕਤਲ ਕਰ ਹੱਸਦੈਂ ਤੂੰ।



ਤੈਨੂੰ ਖੁਸ਼ ਰੱਖੇ ਰੱਬ......
ਤੱਤੜੀ ਨੂੰ ਤਿਆਗ ਗਿਓਂ, ਸਜ਼ਾ ਮੌਤੋਂ ਭੈੜੀ ਵੇ।
ਤੇਰਾ ਦਿਲ ਵੀ ਪੱਥਰ ਹੈ, ਤੇਰੀ ਨਜ਼ਰ ਵੀ ਕੈੜੀ ਵੇ।
'ਦੇਵਲ' ਨੂੰ ਪੁੱਛ ਭਾਵੇਂ, ਮੇਰੇ ਰੋਗਾਂ 'ਚ ਵੱਸਦੈਂ ਤੂੰ।
ਤੈਨੂੰ ਖੁਸ਼ ਰੱਖੇ ਰੱਬ......

**10 ਬੀ/490, ਸ਼ਿਵਪੁਰੀ ਨੇੜੇ ਬਾਬਾ ਬਾਲਕ ਨਾਥ ਮੰਦਰ**
**ਧੂਰੀ-148024, ਜ਼ਿਲ੍ਹਾ, ਸੰਗਰੂਰ**
**ਮੋ. 92563-67202**

◆◆◆

## ਜੁੱਤੀ ਲੈ ਦੇ

**ਰਜਿੰਦਰ ਵਰਮਾ**

ਜੁੱਤੀ ਲੈ ਦੇ ਸਿਤਾਰਿਆਂ ਵਾਲੀ
ਮੇਲੇ ਜਾਣਾ ਮੁਕਸਰ ਦੇ- ਮੇਲੇ ਜਾਣਾ-
ਨਾਲ ਚੱਲੂਗੀ ਮੇਰੇ ਕਰਤਾਰੀ- ਮੇਲੇ ਜਾਣਾ-
ਜੁੱਤੀ ਪਾ ਕੇ ਜੱਟੀ ਨੇ ਟੌਹਰ ਬਣਾਉਣੀ ਏ,
ਕੱਚੇ ਰਾਹਾਂ ਦੀ ਧੂੜ ਉਡਾਉਣੀ ਏ
ਖੜ੍ਹ-ਖੜ੍ਹ ਦੇਖੂ ਚੋਬਰਾਂ ਦੀ ਢਾਣੀ- ਮੇਲੇ ਜਾਣਾ-
ਚੰਨ ਵਾਂਗ ਸਿਤਾਰਿਆਂ ਨੇ ਚਮਕਣਾ
ਪਰਾਂਦਾ ਗੁੱਤ ਦਾ ਗਿੱਟਿਆਂ ਤੱਕ ਲਮਕਣਾ
ਸਭ ਤੱਕਣਗੇ ਹਾਲੀ/ਪਾਲੀ- ਮੇਲੇ ਜਾਣਾ...
ਜੁੱਤੀ ਲੈਣ ਬੱਸ ਇਕੋ ਮੇਰੀ ਮੰਗ ਵੇ
ਕਹਿ ਨਾ ਦੇਵੀ, ਹੱਥ ਮੇਰਾ ਅੱਜ ਤੰਗ ਵੇ
ਗੱਲ ਦੱਸ ਦਿੱਤੀ ਸੱਚੀ ਮੈਂ ਸਾਰੀ-ਮੇਲੇ ਜਾਣਾ-

**ਮੇਲੇ ਜਾਣਾ ਮੁਕਸਰ ਦੇ- ਮੇਲੇ ਜਾਣਾ-**

**ਮੋ. 98156-60419**

◆◆◆

# ਸਮੀਖਿਆ

## ਸਮਕਾਲੀ ਬਿਰਤਾਂਤ ਵਿਚਲੀ ਅਸੰਗਤਾ ਦਾ ਸੰਕਟ- ਤਿੜਕੀਆਂ ਕੰਧਾ

*ਤੇਜਵੰਤ ਮਾਨ (ਡਾ.)*

ਜੋ ਦਿਸਦੇ ਸ਼ਹਿਰ ਮਹਾਨ ਜਿਹੇ
ਵਿਚ ਵਸਦੇ ਲੋਕ ਸ਼ੈਤਾਨ ਜਿਹੇ
ਵੇਖਣ ਨੂੰ ਬਸ ਬੰਦਾ ਹੈ
ਪਰ ਕਰਦਾ ਕੰਮ ਹੈਵਾਨ ਜਿਹੇ।

ਜੋ ਜਿਉਂਦਾ ਸੀ ਅਣਖ ਦੇ ਨਾਲ ਕਦੀ
ਬਣਿਆ ਹੁਣ ਓਹੀ ਟੁੱਕੜ ਬੋਚ ਕਿਉਂ ਹੈ?
ਰੱਬ ਦੇ ਘਰੀਂ ਵੀ ਹੁਣ ਰਿਸ਼ਵਤ ਚਲਦੀ
ਉਸਨੂੰ ਪੈਸੇ ਦੀ ਅੰਨੀ ਲੋਚ ਕਿਉਂ ਹੈ?

ਭੁਪਿੰਦਰ ਸਿੰਘ ਬੋਪਾਰਾਏ 'ਤਿੜਕੀਆਂ ਕੰਧਾਂ' ਸੰਗ੍ਰਹਿ ਦੀ ਕਾਵਿ-ਸਰੰਚਨਾ ਵਿੱਚ ਮਹਾਂ ਨਗਰੀ ਉਤਪਾਦਕੀ ਵਿਕਾਸ ਮਾਡਲ ਦੁਆਰਾ ਲੋਕ ਆਚਰਨ ਦੇ ਵਿਵਹਾਰਕ ਉਸਾਰ ਨੂੰ ਜਦੋਂ ਸ਼ੈਤਾਨੀਅਤ ਦਾ ਵਾਸਾ ਕਹਿੰਦਾ ਹੈ ਅਤੇ ਇਸ ਵਿਕਾਸ ਰਾਹੀਂ ਬੰਦੇ ਦੀ ਸਿਰਜਨਾਤਮਕ ਸੂਝ ਨੂੰ ਮਾਰਕੇ ਮੁੜ ਹੈਵਾਨੀਅਤ ਵੱਲ ਧੱਕਣ ਦੀ ਪ੍ਰਕਿਰਿਆ ਵਜੋਂ ਪੇਸ਼ ਕਰਦਾ ਹਾ ਤਾਂ ਸਮਕਾਲੀ ਸਮਾਜਿਕ, ਆਰਥਿਕ ਰਾਜਨੀਤਿਕ ਅਤੇ ਸਭਿਆਚਾਰਕ ਬਿਰਤਾਂਤ ਦੀ ਬੜੀ ਹੀ ਚਿੰਤਜਨਕ ਸਥਿਤੀ ਸਮਝ ਪੈਂਦੀ ਹੈ। ਇਸ ਸਥਿਤੀ ਉਤੇ ਭੁਪਿੰਦਰ ਆਪਣਾ ਪ੍ਰਤੀਕਰਮ ਆਪਣੀ ਜ਼ਿੰਦਗੀ ਦੇ ਅਧਿਆਤਮਕ ਚਿੰਤਨ ਅਨੁਸਾਰ ਦਿੰਦਾ ਹੋਇਆ ਆਪਣੀ ਮਹਾਤਮੀ ਪਰਮਸ਼ਕਤੀ ਰੱਬ ਨੂੰ ਵੀ ਚੈਲੰਜ ਕਰ ਦਿੰਦਾ ਹੈ। ਭੁਪਿੰਦਰ ਕਾਰਜ ਪੱਖੋਂ ਇਕ ਮਿਹਨਤੀ-ਕਿਰਤੀ ਭਾਈ ਲਾਲੋ ਦਾ ਪੈਰੋਕਾਰ ਹੈ, ਪਰ ਚਿੰਤਨ ਵਜੋਂ ਉਹ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰਨ ਵੰਡ ਛੱਕਣ ਨਾਮ ਜਪਣ ਅਤੇ ਸਰਬੱਤ ਦਾ ਭਲਾ ਸਿਧਾਂਤ ਨਾਲ ਪ੍ਰਤੀਬੱਧ ਸ਼ਾਇਰ ਹੈ। ਭੁਪਿੰਦਰ ਆਪਣਾ ਮਾਨਵੀ ਜੀਵਨ ਵਿਵਹਾਰ ਗੁਰਮਤਿ ਅਨੁਸਾਰ ਬਣਾਉਣ ਦਾ ਧਾਰਨੀ ਹੈ। ਪਰ ਸਮਕਾਲੀ ਬਿਰਤਾਂਤ ਦੀ ਅਸੰਗਤੀ ("–fl•·¢¥"⁄•"–fl) ਇਹ ਹੈ ਕਿ ਅੱਜ ਵਿਸ਼ਵ ਮੰਡੀ ਦੇ ਮਾਇਆ ਅਧਾਰਤ ਵਿਕਾਸ ਦੀ ਉਤਪਾਦਕੀ ਮਾਡਲ ਦੇ ਕੇਂਦਰ ਵਿੱਚ ਗੁਰਮਤਿ ਦੇ ਗੁਰਮੁਖ ਜੋ ਕਰਤਾਰੀ ਵਿਸ਼ੇਸ਼ਤਾ ਦਾ ਮਾਡਲ ਹੈ ਦੀ ਥਾਂ ਮਨਮੁੱਖ ਹੈ। ਇਸ ਮਨੁਮੁਖ ਦਾ ਆਧਾਰ ਪੂੰਜੀ ਅਤੇ ਤਕਨੀਕ ਹੈ ਮਨੁੱਖ ਜਾਂ ਉਸਦੀ ਕਿਰਤ ਨਹੀਂ।

ਘਰੋਂ ਤੁਰਿਆ ਸੀ ਮੈਂ ਸੋਚਕੇ
ਕਿਤੇ ਤਾਂ ਸ਼ਿਸ਼ਟਾਚਾਰ ਮਿਲੇਗਾ



ਖ਼ਬਰ ਨਹੀਂ ਸੀ ਪੈਰ ਪੈਰ ਤੇ
ਅਗਿਉਂ ਭਰਿਸ਼ਟਾਚਾਰ ਮਿਲੇਗਾ।

ਬੰਦਿਆਂ 'ਚੋਂ ਬੰਦਾ ਹੁਣ ਲਭਣਾ ਔਖਾ ਹੈ
ਆਹ ਜੋ ਦਿਸਦਾ ਹੈ ਬਸ ਨਜ਼ਰ ਦਾ ਧੋਖਾ ਹੈ।
ਮਿਲੇ ਨਾ ਪਿਆਸੇ ਨੂੰ ਏਥੇ ਘੁਟ ਪਾਣੀ
ਠੇਕਾ ਪਰ ਸ਼ਰਾਮ ਦਾ ਮਿਲ ਜਾਂਦਾ ਸੌਖਾ ਹੈ।

ਭੁਪਿੰਦਰ ਆਪਣੀ ਇਤਿਹਾਸਕ, ਦਾਰਸ਼ਨਿਕ ਅਤੇ ਸਭਿਆਚਾਰਕ ਪਰੰਪਰਾ ਵਿੱਚ ਗੁਰਮਤਿ ਖ਼ਾਸਕਰ ਬਾਬਾ ਨਾਨਕ ਜੀ ਦੇ ਨਿਰਭਉ-ਨਿਰਵੈਰ ਦੀ ਕਰਤਾਰੀ ਨੈਤਿਕਤਾ ਦਾ ਧਾਰਨੀ ਹੈ। ਇਕ ਪਾਸੇ ਭੁਪਿੰਦਰ ਇਸ ਸਥਿਤੀ ਲਈ ਜ਼ਿੰਮੇਵਾਰ ਗੁਰੂ-ਡੰਮੀ ਬਾਬਿਆਂ ਦੇ ਅੰਧ-ਵਿਸ਼ਵਾਸੀ ਕਰਮ-ਕਾਂਡ ਨੂੰ ਮੰਨਦਾ ਹੈ ਅਤੇ ਦੂਜੇ ਪਾਸੇ ਤਾਲਿਸਮੀ, ਚਮਕ-ਦਮਕ, ਬਰੈਂਡਡ ਵਸਤਾਂ ਦੇ ਬਾਜ਼ਾਰੀਕਰਨ ਅਤੇ ਪੂੰਜੀ ਅਧਾਰਤ ਮੰਡੀ ਨੂੰ ਇਸ ਲਈ ਜ਼ਿੰਮੇਵਾਰ ਮੰਨਦਾ ਹੈ।

ਦੁਨੀਆਂ ਨੂੰ ਉਲਝਾਇਆ ਬਾਬਿਆਂ ਨੇ
ਭਰਮ ਭੁਲੇਖੇ ਪਾਇਆ ਬਾਬਿਆਂ ਨੇ
ਬਾਬੇ ਨਾਨਕ ਜਿਸ ਜਾਲ 'ਚੋਂ ਕੱਢਿਆ
ਓਸੇ ਵਿਚ ਫਸਾਇਆ ਬਾਬਿਆਂ ਨੇ,
ਕਿਰਤ ਕਰਨ ਤੇ ਵੰਡ ਛੱਕਣ ਤੋਂ
ਪਾਸੇ ਧੱਕ ਹਟਾਇਆ ਬਾਬਿਆਂ ਨੇ।

ਹੈ ਫੈਸ਼ਨ ਦਾ ਨਾਂ ਦਿੰਦੇ ਕਰਕੇ ਨਮਾਇਸ਼ ਜਿਸਮਾਂ ਦੀ
ਪੜ੍ਹੀਆਂ ਤਾਂ ਛੱਡੋ ਅਨਪੜਾਂ ਦਾ ਨੰਗਾ ਉਭਾਰ ਮਿਲੇਗਾ
ਪੱਬਾਂ ਕਲੱਬਾਂ ਵਿੱਚ ਮੇਰੀ ਆਪਣੀ ਸ਼ਾਨ ਰੋਲਦੇ ਨੇ
ਬੁੱਧੀਜੀਵੀਆਂ ਨੂੰ ਕਹਿ ਕਹਿ ਰੋਂਦਾ ਸਭਿਆਚਾਰ ਮਿਲੇਗਾ

ਕਵੀ ਭੁਪਿੰਦਰ ਬੋਪਾਰਾਏ ਬੜੀ ਗੰਭੀਰਤਾ ਨਾਲ ਇਸ ਪਾਖੰਡੀ ਅਤੇ ਬਜਾਰੀ ਦਿਖਾਵੇ ਦੀ ਸਥਿਤੀ ਨੂੰ ਆਪਣੀ ਕਾਵਿ-ਸਿਰਜਣਾ ਰਾਹੀਂ ਵੰਗਾਰਦਾ ਹੈ। ਉਹ ਨਾ ਕੇਵਲ ਪਰੰਪਰਕ ਅੰਧ ਵਿਸ਼ਵਾਸੀ ਮਨੌਤਾਂ ਨੂੰ ਮੰਨਣ ਤੋਂ ਇਨਕਾਰੀ ਹੈ ਸਗੋਂ ਪੂੰਜੀ ਦੇ ਨਵੀਂ ਵਿਸ਼ਵ ਚੇਤਨਾ ਦੇ ਕਾਮੀ, ਤਲਿਸਮੀ ਅਤੇ ਇਸ਼ਤਿਹਾਰੀ ਪਾਰ-ਉਸਾਰ ਨੂੰ ਵੀ ਰੱਦ ਕਰਦਾ ਹੈ। ਕਵੀ ਗੁਰੂ ਨਾਨਕ ਦੇਵ ਜੀ ਦੇ ਕਰਤਾਰੀ ਕਿਰਤ ਦੇ ਸਹਿਜ ਵਿਕਾਸ ਦੇ ਸੰਸਾਰ ਮਾਡਲ ਨੂੰ ਮਾਨਤਾ ਦਿੰਦਾ ਹੈ।

ਅਮਲ ਵੀ ਕਰ ਤੂੰ ਜੋ ਬਾਣੀ ਕਹਿੰਦੀ ਹੈ
ਨਾ ਤੋਤੇ ਵਾਂਗੂੰ ਰੱਟਾ ਲਾ ਲਾ ਪੜ੍ਹਿਆ ਕਰ।
ਰਖ ਧਰਤੀ ਤੇ ਪੈਰ ਟਿਕਾਣੇ ਹੋਸ਼ ਰਹੇ
ਹਵਾ ਦੇ ਘੋੜੇ ਐਵੇਂ ਨਾ ਤੂੰ ਚੜ੍ਹਿਆ ਕਰ।

ਮਿਹਨਤਕਸ਼ ਨੇ ਰੂਪ ਲਾਲੋ ਦਾ
ਇਹਨਾਂ ਨੂੰ ਦਬਕਾਣਾ ਛੱਡ ਦੇ
ਹੱਕ ਪਰਾਇਆ ਖਾਣਾ ਛੱਡ ਦੇ
ਬੰਦਿਆਂ ਤੇ ਜ਼ੁਲਮ ਕਮਾਣਾ ਛੱਡ ਦੇ

ਕਵੀ ਦੀ ਇਹ ਤਰਕ-ਸੰਗਤ ਅਸਵਿਕਾਰਤਾ (k–¤“⁄¢›T#ƒfl“¢) ਦੀ ਸਾਪੇਖਕ ਮਹੱਤਤਾ ਇਸ ਗੱਲ ਵਿੱਚ ਹੈ ਮਾਨਵ ਦਾ ਹਾਂ ਜਾਂ ਨਾਂਹ ਪੱਖਦਾ ਸੰਵਾਦ ਕਦੇ ਜੜ੍ਹ, ਗੀਤ ਹੀਣ, ਜੈਸੇ ਥੇ (r•¢•,¶‡,– ) ਨਹੀਂ ਹੁੰਦਾ। ਇਹ ਹਮੇਸ਼ਾ ਗਤੀਸ਼ੀਲ ਅਤੇ ਬਦਲਾਵੀ ਹੁੰਦਾ ਹੈ। ਮਾਨਵੀ ਅਨੁਭਵ ਦਾ ਇਹ ਸਹਿਜ ਬਦਲਾਵ ਮਸ਼ੀਨੀ ਤੇਜੀ ਦੇ ਅਧੀਨ ਨਹੀਂ ਸਗੋਂ ਮਨੁੱਖ ਦੀ ਕਾਰਜੀ ਭਾਵਨਾ ਅਨੁਸਾਰ ਹੁੰਦਾ ਹੈ। ਪਰ ਅੱਜ ਦਾ ਵਿਸ਼ਵ ਪੂੰਜੀਵਾਦ ਉਤਪਾਦਨੀ ਵਿਕਾਸ ਅਤੇ ਉਸਦੀ ਖਪਤ ਉਤੇ ਅਧਾਰਤ ਹੈ। ਇਹ ਗੈਰ-ਕੁਦਰਤੀ ਵਰਤਾਰਾ ਮਾਨਵੀ ਕਦਰਾਂ ਕੀਮਤਾਂ, ਇਤਿਹਾਸਕ, ਦਾਰਸ਼ਨਿਕ, ਸਮਾਜਿਕ ਅਤੇ ਅਰਥ ਯੁਕਤ ਸ਼ਬਦ ਸਿਰਜਣਾ ਨੂੰ ਤਹਿਸ ਨਹਿਸ ਕਰਦਾ ਹੈ।

ਇਹੀ ਕਾਰਨ ਹੈ ਕਿ ਸਾਡਾ ਅਜੋਕਾ ਕਾਵਿ ਵਧੇਰੇ ਕਰਕੇ ਅੰਤਰਮੁਕੀ, ਪਸ਼ੂ ਭੋਗਤਾ, ਗੋਸ਼ਾ ਨਸ਼ੀਨੀ ਦਾ ਸ਼ਿਕਾਰ ਹੋ ਗਿਆ ਹੈ। ਭੁੱਪਿਦਰ ਬੋਪਾਰਾਏ ਇਸ ਸਥਿਤੀ, ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਕਿਉਂਕਿ ਉਸਦਾ ਮਾਡਲ ਗੁਰੂ ਨਾਨਕ ਦੇਵ ਜੀ ਦਾ 'ਕਿਰਤ' ਹੈ 'ਮਾਇਆ' ਨਹੀਂ।

ਇਸ਼ਕ ਦਾ ਦੀਵਾ ਬਲਦਾ ਆਇਆ
ਇਸ਼ਕ ਮੁਹੱਬਤ ਚਲਦਾ ਆਇਆ
ਤਰ ਗਿਆ ਉਹ ਕੰਢਿਆਂ ਉਤੇ ਵੀ
ਯਾਰ ਸਨੇਹਾ ਘਲਦਾ ਆਇਆ

ਭੁਪਿੰਦਰ ਬੋਪਾਰਾਏ ਦੀ ਇਹ ਆਸ਼ਾਵਾਦੀ ਮੁਕਤੀ ਜੁਗਤ ਸੋਚ ਕਦੇ ਕਦੇ ਮੱਠੇ ਲੋਕ ਹੁੰਗਾਰੇ ਕਾਰਨ ਸਵੈ-ਪੜਚੋਲਵੀਂ ਅਤੇ ਅਲਗਾਣੀ ਅਸੰਤੁਸ਼ਟਾ ਵੱਲ ਉਲਾਰ ਵੀ ਹੋ ਜਾਂਦੀ ਹੈ। ਕਵੀ ਆਪਣੀ ਹੀ ਕਾਵਿ-ਅਨੁਭੂਤੀ ਉਤੇ ਸ਼ੰਕਾਮਈ ਹੋ ਜਾਂਦਾ ਹੈ

ਇਹ ਗੀਤ ਮੇਰਾ ਮੈਂ ਆਪੇ ਗਾਉਣਾ
ਹੋਰ ਕਿਸੇ ਨਹੀਂ ਆਪਣੇ ਹੋਠੀਂ ਲਾਉਣਾ
ਮੇਰਾ ਗੀਤਾਂ ਨੂੰ ਚਿੰਬੜੀ ਬਿਰਹੋਂ ਦੀ ਝਾੜੀ
ਸਾਲੂ ਫਟਿਆ ਮੇਰਾ ਕਿਸੇ ਨਹੀਂ ਛੁਡਾਉਣਾ

ਟੁੱਟੀਆਂ ਤੰਤਾਂ ਦੀ ਹੈ ਮੇਰੀ ਗ਼ਜ਼ਲ
ਤਿੜਕੀਆਂ ਕੰਧਾਂ ਦੀ ਹੈ ਮੇਰੀ ਗ਼ਜ਼ਲ
ਇਸ਼ਕ ਦੀ ਬਾਜੀ ਹਾਰ ਗਿਆ ਹਾਂ
ਤਨਹਾਈਆਂ ਨਾ ਸਮਝੇ ਮੇਰੀ ਗ਼ਜ਼ਲ



ਭੁਪਿੰਦਰ ਛੇਤੀ ਹੀ ਉਪਰੋਕਤ ਆਵੇਸ਼ੀ ਸਥਿਤੀ 'ਚੋਂ ਬਾਹਰ ਆ ਜਾਂਦਾ ਹੈ ਅਤੇ ਉਹ ਅਜਿਹੀ ਹਨੇਰ ਭਰੀ, ਅਹਿੱਲ ਅਤੇ ਚੁੱਪ ਸਥਿਤੀ ਵਿੱਚ ਪਰਵੇਸ਼ ਕਰਦਾ ਹੈ। ਇਹ ਪਰਵੇਸ਼ ਇਕ ਤਣਾਓ ਅਤੇ ਟਕਰਾਓ ਪੈਦਾ ਕਰਦਾ ਹੈ। ਕਿਉਂਕਿ ਕਵੀ ਜਾਣਦਾ ਹੈ ਕਿ ਮਨੁੱਖਾ ਜ਼ਿੰਦਗੀ ਕੇਵਲ ਪ੍ਰਕਿਰਤਕ ਗਤੀ ਜਾਂ ਸੁੰਨ ਨਹੀਂ ਸਗੋਂ ਇਕ ਸਿਰਜਨਾਤਮਿਕ ਪਰ-ਉਸਾਰ ਲਈ ਕਾਰਜਸ਼ੀਲ, ਸੰਘਰਸ਼ੀ ਅਤੇ ਆਪਣੇ ਇੱਛਤ ਸਮਾਜਿਕ, ਨੈਤਿਕ ਅਤੇ ਸਭਿਆਚਾਰਕ ਮੁੱਲਾਂ ਦੀ ਪਹਿਚਾਣ ਲਈ ਜਦੋ-ਜਹਿਦ ਕਰਦੀ ਕਰਤਾਰੀ ਗਤੀ ਵੀ ਹੈ।

ਕੌਣ ਕਹਿੰਦਾ ਹੈ ਕਲਮ ਮੇਰੀ ਤਲਵਾਰ ਨਹੀਂ
ਵਾਹੇ ਜੋ ਅੱਖਰ ਕਾਗਜ਼ ਤੇ ਉਹ ਕਰਦੇ ਵਾਰ ਨਹੀਂ।

ਹਰ ਜਾਣਾ ਜੰਗ ਹਰਨਾ ਨਹੀਂ ਹੁੰਦਾ
ਢਾਹ ਕੇ ਢੇਰੀ ਜੋ ਦਿਲੋਂ ਜੰਗਾਂ ਹਾਰੀਆਂ ਨਾ ਹੋਣ।
ਪੜ੍ਹਕੇ ਇਤਿਹਾਸ ਤੂੰ ਨਾਇਕ ਬਣਨਾ ਲੋਚਦੈਂ
ਸਿਰ ਦਿੱਤਿਆਂ ਬਾਝ ਕਦੇ ਵੀ ਸਰਦਾਰੀਆਂ ਨਾ ਹੋਣ।
ਆਓ ਸਿਰਜੀਏ ਇਕ ਬੇਗ਼ਮਪੁਰਾ
ਜਿੱਥੇ ਕਦੇ ਕੋਈ ਲੁੱਟਾਂ ਬਦਕਾਰੀਆਂ ਨਾ ਹੋਣ।

ਕਵੀ ਭੁਪਿੰਦਰ ਬੋਪਾਰਾਏ ਦੇ ਕਾਵਿ ਵਿੱਚ ਮਨੁੱਖੀ ਜਿੱਤ ਦੇ ਆਸ਼ਾਵਾਦੀ ਟੀਚੇ ਦਾ ਮੈਂ ਸੁਆਗਤ ਕਰਦਾ ਹਾਂ। ਇਕ ਹੋਰ ਗੱਲ ਜਿਸ ਲਈ ਅਸੀਂ ਸਾਰੇ ਯਤਨ ਕਰ ਰਹੇ ਹਾਂ, ਉਹ ਮਾਂ-ਬੋਲੀ ਪੰਜਾਬੀ ਦੇ ਸਤਿਕਾਰ, ਸੰਭਾਲ ਅਤੇ ਪਰਸਾਰ ਦੀ ਹੈ ਜਿਸ ਪ੍ਰਤੀ ਭੁਪਿੰਦਰ ਬੜਾ ਸੁਚੇਤ ਹੈ। ਸਮੇਂ ਦੇ ਹਾਕਮ ਅਤੇ ਸਾਡਾ ਇਹ ਸਾਰਾ ਸਿਸਟਮ ਇਕ ਯੋਜਨਾਬੱਧ ਤਰੀਕੇ ਨਾਲ ਮਾਂ-ਬੋਲੀ ਪੰਜਾਬੀ ਨੂੰ ਖ਼ਤਮ ਕਰਨ ਤੇ ਤੁਲਿਆ ਹੋਇਆ ਹੈ ਪਰ ਕਵੀ ਬੋਪਾਰਾਏ ਡੰਕੇ ਦੀ ਚੋਟ ਨਾਲ ਕਹਿੰਦਾ ਹੈ ਕਿ -

ਜੇ ਜੁਰਮ ਸਮਝੋ ਤਾਂ ਜੁਰਮ ਹੀ ਸਹੀ ਮੇਰਾ ਭਾਸ਼ਾ ਹੈ ਪੰਜਾਬੀ
ਹਰ ਗਲੀ ਚੁਰਾਹੇ ਉਤੇ ਮੈਨੂੰ ਦਿਸਦੀ ਰਹੇ ਮਾਂ ਪੰਜਾਬੀ
ਨਾਨਕ ਨੇ ਇਸ ਬੋਲੀ ਵਿਚ ਰਚਤੀ ਬਾਣੀ ਅਗਮ ਅਦੁੱਤੀ
ਰਹੀ ਉਸ ਦੇ ਅੰਗ ਸੰਗ ਜਿਵੇਂ ਰਿਹਾ ਮਰਦਾਨਾ ਰਬਾਬੀ

ਆਓ ਗੁਰੂ ਨਾਨਕ ਦੀ ਬਾਣੀ ਅਤੇ ਮਰਦਾਨੇ ਦੀ ਰਬਾਬ ਦੀ ਵਿਰਾਸਤ ਦੀ ਸੰਭਾਲ ਕਰੀਏ ਅਤੇ ਸਾਡੀ ਵਿਰਾਸਤ ਦਾ ਤ੍ਰਿੜਕਦੀ ਕੰਧ ਦੀ ਢਾਰਸ ਬਣੀਏ।

◆◆◆

# ਸਤਵਿੰਦਰ ਬੇਗੋਵਾਲੀਆ ਦਾ ਨਾਟ-ਜਗਤ

ਸੰਪਾਦਕ : ਡਾ. ਗੁਰਜੀਤ ਕੌਰ ਗੁਰੀ
ਪ੍ਰਕਾਸ਼ਕ : ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ
ਮੁੱਲ : 250 ਰੁਪਏ, ਸਫੇ : 119
ਸੰਪਰਕ : 83606-76150

ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦਾ ਵਿਲੱਖਣ ਹਸਤਾਖ਼ਰ ਸਤਵਿੰਦਰ ਬੇਗੋਵਾਲੀਆ ਤ੍ਰੈਮਾਸਿਕ 'ਰੂਹ ਪੰਜਾਬੀ' ਮੈਗਜ਼ੀਨ ਦਾ ਸੰਪਾਦਕ ਹੈ। ਉਸ ਦੇ ਨਾਟਕਾਂ ਤੇ ਸੁਚੇਤ ਜਾਂ ਅਚੇਤ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਅਤੇ ਅਜਮੇਰ ਔਲਖ ਦੀ ਨਾਟਕ ਕਲਾ ਦੇ ਪ੍ਰਭਾਵ ਵਿਖਾਈ ਦਿੰਦਾ ਹੈ। ਇਸ ਨਾਟਕਕਾਰ ਦੇ ਨਾਟਕ/ਇਕਾਂਗੀਆਂ/ਲਘੂ ਨਾਟਕਾਂ ਦੇ ਮੁਲਾਂਕਣਾਂ ਦੀ ਹਥਲੀ ਪੁਸਤਕ ਦਾ ਸੰਪਾਦਨ ਵਿਦਵਾਨ ਸੰਪਾਦਕ ਨੇ ਪ੍ਰਸਿੱਧ ਨਾਟਕਕਾਰ ਡਾ. ਸਤੀਸ਼ ਵਰਮਾ ਦੀ ਪ੍ਰੇਰਨਾ ਨਾਲ ਕੀਤਾ ਹੈ। ਵਿਭਿੰਨ ਵਿਦਵਾਨਾਂ ਨੇ ਲੇਖਕਨ ਦੇ ਸਮੁੱਚੇ ਇਕਾਂਗੀਆਂ, ਇਕੱਲੇ-ਇਕੱਲੇ ਇਕਾਂਗੀ ਅਤੇ ਇਕ ਪੂਰੇ ਨਾਟਕ ਨੂੰ ਅਧਿਐਨ ਵਸਤੂ ਵਜੋਂ ਗ੍ਰਹਿਣ ਕਰਕੇ ਮੁੱਲਵਾਨ ਵਿਸ਼ਲੇਸ਼ਣ ਕੀਤਾ ਹੈ। ਵਿਵੇਚਤ ਇਕਾਂਗੀਆਂ ਵਿਚ 'ਕਲਯੁਗ ਦੀ ਮੈਲ' (ਡਾ. ਅੰਜੂ ਬਾਲਾ), 'ਜੇਠੂ ਦਾ ਕੋਠਾ' (ਡਾ. ਸਤਵਿੰਦਰ ਕੌਰ), 'ਗ੍ਰਹਿਸਤ ਦਾ ਗੱਡਾ' (ਡਾ. ਗੁਰਜੀਤ ਕੌਰ ਗੁਰੀ, ਗੁਲਜ਼ਾਰ ਸਿੰਘ), 'ਚੜ੍ਹ ਦਾ ਜਹਾਜ਼ 'ਤੇ' (ਬਿਕਰਮਜੀਤ ਸਿੰਘ), 'ਮੈਂ ਪੰਜਾਬਣ ਹਾਂ' (ਗੁਰਮਨਦੀਪ ਕੌਰ, ਡਾ. ਦਵਿੰਦਰ ਕੁਮਾਰ) ਆਦਿ। ਪੂਰੇ ਨਾਟਕ 'ਡਾਲਰ ਮੇਰਾ ਪੁੱਤਰ' (ਰਣਜੀਤ ਕੌਰ, ਪ੍ਰੋ. ਗੁਰਜੀਤ ਖੋਸਾ) ਆਦਿ ਦੇ ਖੋਜ ਨਿਬੰਧ ਸ਼ਾਮਿਲ ਹਨ। ਉਸ ਦੇ ਰੰਗ-ਮੰਚ ਦੀ ਡਾ. ਕਰਮਜੀਤ ਸਿੰਘ 'ਨਡਾਲਾ' ਨੇ ਡਾਢੀ ਪ੍ਰਸੰਸਾ ਕੀਤੀ ਹੈ। ਉਲੇਖਨੀਯ ਹੈ ਕਿ ਉਸ ਦੇ ਇਕਾਂਗੀ 'ਜਬੈ ਬਾਣ ਲਾਗਿਯੋ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਆਈ.ਸੀ. ਨੰਦਾ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਇਨ੍ਹਾਂ ਸਾਰੇ ਖੋਜ ਨਿਬੰਧਾਂ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਸਤਵਿੰਦਰ ਇਕ ਸੰਵੇਦਨਸ਼ੀਲ ਨਾਟਕਕਾਰ ਹੈ। ਭਾਵੇਂ ਉਂਜ ਰੱਜੇ-ਪੁੱਜੇ ਪਰਿਵਾਰ ਨਾਲ ਸੰਬੰਧਿਤ ਹੈ ਤਾਂ ਵੀ ਉਹ ਗ਼ਰੀਬਾਂ, ਕਿਸਾਨਾਂ, ਕਿਰਤੀਆਂ ਦੀਆਂ ਸਮਕਾਲੀ ਸਮੱਸਿਆਵਾਂ ਨੂੰ ਹਮਦਰਦੀ ਨਾਲ ਵਿਚਾਰ ਕੇ ਉਨ੍ਹਾਂ ਦਾ ਨਾਟਕੀਕਰਨ ਕਰਦਾ ਹੈ। ਸਮੱਸਿਆਵਾਂ ਦੇ ਸਮਾਧਾਨ ਵੱਲ ਵੀ ਸੰਕੇਤ ਕਰਦਾ ਹੈ। ਅਜੋਕੇ ਸਮੇਂ ਉਪਭੋਗਤਾ ਸੱਭਿਆਚਾਰ ਨੇ ਮਾਨਵ ਨੂੰ ਪੈਸੇ ਦਾ ਪੁੱਤ ਬਣਾ ਕੇ ਮਾਨਵੀ ਰਿਸ਼ਤਿਆਂ ਵਿੱਚ ਤ੍ਰੇੜ ਪਾ ਦਿੱਤੀ ਹੈ। ਇਸੇ ਕਾਰਨ ਉਹ ਜੀਵੰਤ ਪਾਤਰਾਂ ਦੀ ਪੇਸ਼ਕਾਰੀ ਕਰਦਾ ਹੈ। ਉਸ ਦੇ ਕਥਾਨਕ ਯਥਾਰਥਕ ਜੀਵਨ ਨਾਲ ਲਬਰੇਜ਼ ਹਨ। ਉਹ ਹਮੇਸ਼ਾ ਸੂਤਰਧਾਰ ਵਜੋਂ ਭੂਮਿਕਾ ਨਿਭਾਉਂਦਾ ਹੈ। ਗੀਤਾਂ, ਰੌਸ਼ਨੀ ਦਾ ਮੰਚ ਤੇ ਪ੍ਰਭਾਵਸਾਲੀ ਪ੍ਰੋਯਗ ਕਰਦਾ ਹੈ। ਕਈ ਵਾਰ ਇੰਜ ਜਾਪਦਾ ਹੈ ਜਿਵੇਂ ਉਹ ਪ੍ਰਸਤੁਤ ਘਟਨਾਵਾਂ ਦਾ ਚਸ਼ਮਦੀਦ ਗਵਾਹ ਹੋਵੇ। ਉਸ ਦੇ ਪਾਤਰਾਂ ਦੇ ਸੰਵਾਦ ਤਿੱਖੇ ਨੇ, ਜੋ ਦਰਸ਼ਕਾਂ ਨੂੰ ਕੀਲਣ ਦੇ ਸਮਰੱਥ ਹਨ। ਉਸ ਦੀ ਭਾਸ਼ਾ ਰਵਾਨਗੀ ਭਰੀ ਹੈ। ਉਸ ਨੂੰ ਪੱਲਿਉਂ ਖ਼ਰਚ ਕਰਕੇ ਮੰਚਨ ਦਾ ਜਨੂਨ ਹੈ। ਰੂਪਕ ਪੱਖੋਂ ਕਈ ਵਾਰ ਪਰੰਪਰਕ ਵਿਧੀਆਂ ਤੋਂ ਪਰਾਹਣ ਕਰ ਜਾਂਦਾ ਹੈ। ਸੰਪਾਦਕ ਨੇ ਪ੍ਰਿੰ. ਬੇਗੋਵਾਲੀਆ ਨਾਲ ਮੁਲਾਕਾਤ ਕਰਕੇ ਉਸ ਦੇ ਜੀਵਨ, ਨਾਟ-ਸਿਰਜਣਾ ਨਾਲ ਮੁੱਲਵਾਨ ਜਾਣਕਾਰੀ ਕਰਵਾਈ ਹੈ। ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਚੌਥੀ ਪੀੜ੍ਹੀ ਦੇ ਆਲੋਚਕਾਂ ਨੇ ਆਪਣੀ ਹੀ ਪੀੜ੍ਹੀ ਦੇ ਨਾਟਕਕਾਰ ਦੀ ਕਲਾ ਦਾ ਸਰਬਪੱਖੀ ਵਿਵੇਚਣ ਕੀਤਾ ਹੈ।

**-ਡਾ. ਧਰਮ ਚੰਦ ਵਾਤਿਸ਼**
**ਮੋ. 98144-46007**

◆◆◆

# 'ਦੂਸਰਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਸਨਮਾਨ ਸਮਾਰੋਹ' ਬਠਿੰਡਾ ਵਿਖੇ

'ਬਾਰੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਜਣ ਵੈਲਫੇਅਰ ਐਂਡ ਕਲਚਰਲ ਸੁਸਾਇਟੀ (ਰਜਿ.) ਬਠਿੰਡਾ' ਵੱਲੋਂ 'ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ (ਰਜਿ.) ਮੋਗਾ',ਦੇ ਸਹਿਯੋਗ ਨਾਲ ਟੀਚਰਜ਼ ਹੋਮ ਬਠਿੰਡਾ (ਪੰਜਾਬ) ਵਿਖੇ ਨਵੰਬਰ,27,2023 ਨੂੰ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ 'ਦੂਸਰਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਪ੍ਰਦਾਨ ਕੀਤਾ ਗਿਆ, ਪੰਜਾਬੀ ਹਾਸ ਵਿਅੰਗ ਭਵਿੱਖ ਅਤੇ ਚੁਣੌਤੀਆਂ' ਵਿਸ਼ੇ ਉਪਰ ਵਿਚਾਰ-ਚਰਚਾ,ਪੁਸਤਕਾਂ ਲੋਕ-ਅਰਪਨ ਅਤੇ 'ਹਾਸ ਵਿਅੰਗ' ਕਵੀ ਦਰਬਾਰ ਕਰਵਾਇਆ ਗਿਆ। ਸ਼੍ਰੀ ਕੇ.ਐਲ..ਗਰਗ ਪ੍ਰਧਾਨ ਪੰਜਾਬੀ ਹਾਸ ਵਿਅੰਗ ਅਕਾਦਮੀ ਜੀ ਦੀ ਪ੍ਰਧਾਨਗੀ ਵਿੱਚ ਚੱਲੇ ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਿੰ.ਜਗਮੇਲ ਸਿੰਘ ਜਠੌਲ ਸਨ।ਪ੍ਰਧਾਨਗੀ ਮੰਡਲ ਵਿੱਚ ਸਰਵ ਸ਼੍ਰੀ ਬਿਕਰਮਜੀਤ ਨੂਰ ਕੈਨੇਡਾ,ਜੰਗਪਾਲ ਸਿੰਘ ਅਮਰੀਕਾ,ਜੁਗਰਾਜ ਗਿੱਲ ਅਮਰੀਕਾ, ਸੁਰਿੰਦਰਪ੍ਰੀਤ ਘਣੀਆ ਪ੍ਰਧਾਨ ਸਾਹਿਤ ਸਿਰਜਣਾ ਮੰਚ (ਰਜਿ.)ਬਠਿੰਡਾ,ਸੁਖਦਰਸ਼ਨ ਗਰਗ ਪ੍ਰਧਾਨ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ ਸ਼ੁਸ਼ੋਭਿਤ ਸਨ। ਸਮ੍ਹਾਂ ਰੋਸ਼ਨ ਕਰਨ ਤੋਂ ਬਾਅਦ ਸੁਸਾਇਟੀ ਦੇ ਪ੍ਰਧਾਨ ਅਤੇ ਸ਼ਬਦ ਤ੍ਰਿੰਜਣ ਦੇ ਸੰਪਾਦਕ ਮੰਗਤ ਕੁਲਜਿੰਦ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਪੰਜਾਬੀ ਦੇ ਸਿਰਮੌਰ ਵਿਅੰਗਕਾਰ, ਕਈ ਕਿਤਾਬਾਂ ਦੇ ਰਚੇਤਾ ਬਹੁ-ਵਿਧਾਵੀ ਸਾਹਿਤਕਾਰ ਪ੍ਰਿੰ. ਜਸਵੰਤ ਸਿੰਘ ਕੈਲਵੀ ਨੂੰ ਇਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, (ਸਨਮਾਨ- ਪੱਤਰ, ਸਨਮਾਨ-ਚਿੰਨ੍ਹ, ਲੋਈ ਤੋਂ ਇਲਾਵਾ ਨਕਦ ਰਾਸ਼ੀ ਇਸ ਦਾ ਹਿੱਸਾ ਹਨ)। ਪਹਿਲਾਂ ਅਮਰਜੀਤ ਸਿੰਘ ਪੇਂਟਰ ਸਟੇਟ-ਐਵਾਰਡੀ ਨੇ ਉਹਨਾਂ ਲਈ ਸਨਮਾਨ-ਪੱਤਰ ਪੜ੍ਹਿਆ। ਕੈਲਵੀ ਜੀ ਦੀ ਧਰਮਪਤਨੀ ਸ਼੍ਰੀਮਤੀ ਦਰਸ਼ਨ ਕੌਰ ਅਤੇ ਉਹਨਾਂ ਦੇ ਦਾਮਾਦ ਗੁਰਿੰਦਰਬੀਰ ਸਿੰਘ ਇਸ ਮੌਕੇ ਅੰਗ-ਸੰਗ ਸਨ। 'ਪੰਜਾਬੀ ਹਾਸ ਵਿਅੰਗ ਭਵਿੱਖ ਅਤੇ ਚੁਣੌਤੀਆਂ' ਬਾਰੇ ਗੱਲਬਾਤ ਕਰਦਿਆਂ ਪ੍ਰਧਾਨਗੀ ਮੰਡਲ ਵੱਲੋਂ ਅੱਜ ਲੋਕਅਰਪਣ ਕੀਤੀਆਂ ਗਈਆਂ ਹਾਸ ਵਿਅੰਗ ਦੀਆਂ ਪੁਸਤਕਾਂ ਮੰਗਤ ਕੁਲਜਿੰਦ ਦਾ ਵਿਅੰਗ-ਸੰਗ੍ਰਹਿ 'ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ' ਅਤੇ ਮਾਲਵਿੰਦਰ ਸ਼ਾਇਰ ਦਾ

ਮਿੰਨੀ ਹਾਸ ਵਿਅੰਗ-ਸੰਗ੍ਰਹਿ 'ਲੇਲ੍ਹੜੀਆਂ' ਦੇ ਸੰਦਰਭ ਵਿੱਚ ਪੰਜਾਬੀ ਹਾਸ ਵਿਅੰਗ ਦੀ ਦਿਸ਼ਾ ਅਤੇ ਦਸ਼ਾ ਨਿਰਧਾਰਿਤ ਕੀਤੀ ਗਈ ਉਘੇ ਵਿਦਵਾਨ ਅਲੋਚਕ ਗੁਰਦੇਵ ਖੋਖਰ ਜੀ ਨੇ 'ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ' ਕਿਤਾਬ ਦਾ ਵਿਸ਼ਲੇਸ਼ਣ ਕਰਦਿਆਂ ਇਸ ਪੁਸਤਕ ਦੇ ਵਿਸ਼ੇ ਅਤੇ ਕਲਾ ਪੱਖ ਸਰੋਤਿਆਂ ਨਾਲ ਸਾਂਝੇ ਕੀਤੇ।ਅੱਜ ਦੇ ਵਿਅੰਗ-ਸਮਰਾਟ ਕੇ.ਐਲ.ਗਰਗ ਨੇ ਹਾਸ ਵਿਅੰਗ ਅਕਾਦਮੀ ਦੀ ਜਾਣ ਪਛਾਣ ਕਰਵਾਉਦਿਆਂ ਇਸ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ।ਨਾਲ ਹੀ ਉਹਨਾਂ ਪੰਜਾਬੀ ਹਾਸ ਵਿਅੰਗ ਲਈ ਦਿੱਤੇ ਜਾਂਦੇ ਐਵਾਰਡਾਂ ਦੀ ਜਾਣਕਾਰੀ ਦਿੱਤੀ ਜਦੋਂ ਕਿ ਅਕਾਦਮੀ ਦੇ ਸਕੱਤਰ ਦਵਿੰਦਰ ਸਿੰਘ ਗਿੱਲ ਨੇ ਹਾਸ ਵਿਅੰਗ ਦੇ ਵੱਖ ਵੱਖ ਰੂਪਾਂ ਦੀ ਗੱਲ ਕੀਤੀ ਅਤੇ ਨਵੀਆਂ ਛਪੀਆਂ ਕਿਤਾਬਾਂ ਲਈ ਲੇਖਕਾਂ ਨੂੰ ਵਧਾਈ ਦਿੱਤੀ। ਅਨੇਕਾਂ ਕਿਤਾਬਾਂ ਦੇ ਰਚੇਤਾ, ਅੱਜ ਕੱਲ ਕੈਨੇਡਾ ਵੱਸਦੇ ਬਹੁਵਿਧਾਵੀ ਲੇਖਕ ਬਿਕਰਮਜੀਤ ਨੂਰ,ਇਤਿਹਾਸ ਮਿਥਿਹਾਸ ਦੇ ਜਾਣਕਾਰ ਜੰਗਪਾਲ ਸਿੰਘ, ਪੱਤਰਕਾਰ ਜੁਗਰਾਜ ਗਿੱਲ,ਜਸਪਾਲ ਮਾਨਖੇੜਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਬਠਿੰਡਾ, ਸੁਰਿੰਦਰਪ੍ਰੀਤ ਘਣੀਆ, ਜਗਦੀਸ਼ ਕੁਲਰੀਆਂ ਮਿੰਨੀ ਕਹਾਣੀ ਮੰਚ ਅੰਮ੍ਰਿਤਸਰ ਦੇ ਸਕੱਤਰ, ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਜਸਵੰਤ ਕੈਲਵੀ ਜੀ ਨੂੰ ਮੁਬਾਰਕਾਂ ਦਿੱਤੀਆਂ

ਅੱਜ ਦੇ ਸਮਾਗਮ ਵਿੱਚ ਕਰਵਾਏ ਗਏ ਹਾਸ ਵਿਅੰਗ ਕਵੀ ਦਰਬਾਰ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਕਵੀਆਂ ਹਰਦੀਪ ਢਿਲੋਂ ਅਬੋਹਰ, ਗੁਰਸੇਵਕ ਸਿੰਘ ਬੀੜ,ਰਮੇਸ਼ ਗਰਗ, ਦਰਸ਼ਨ ਸਿੰਘ ਭੰਮੇ,ਅਮਰਜੀਤ ਸਿੰਘ ਜੀਤ, ਲਾਲੀ ਕਰਤਾਰਪੁਰੀ, ਸੋਢੀ ਸੱਤੋਵਾਲੀ ,ਸੇਵਕ ਸ਼ਮੀਰੀਆ,ਭੋਲਾ ਸਿੰਘ ਸ਼ਮੀਰੀਆ, ਬਿਕਰ ਸਿੰਘ ਮਾਣਕ, ਮਾਲਵਿੰਦਰ ਸ਼ਾਇਰ ਸੁੰਦਰਪਾਲ ਪ੍ਰੇਮੀ, ਸੁਖਦੇਵ ਭੱਟੀ ਫਿਰੋਜ਼ਪੁਰ, ਬੰਤ ਸਿੰਘ ਫੂਲਪੁਰੀ,ਕਾ.ਮੇਘ ਰਾਜ ਫੌਜੀ, ਲਾਲ ਸਿੰਘ,ਮਨਜੀਤ ਕੌਰ ਮੀਤ ਚੰਡੀਗੜ, ਸੁਖਵਿੰਦਰ ਆਹੀ ਪਟਿਆਲਾ, ਜਗਨਨਾਥ ਸਕੱਤਰ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ,ਦਿਲਜੀਤ ਬੰਗੀ, ਪੋਰਿੰਦਰ ਸਿੰਗਲਾ, ਇਕਬਾਲ ਸਿੰਘ, ਸੁਖਦੇਵ ਰਾਮ ਵਿਰਕ ਕਲਾਂ ਆਦਿ ਨੇ ਮਜ਼ਾਹੀਆ ਲਹਿਜ਼ੇ ਅਤੇ ਵਿਅੰਗਾਤਮਕ ਤਰਜ਼ ਵਿੱਚ ਕਾਵਿ ਦੇ ਵੱਖ ਵੱਖ ਰੂਪਾਂ ਨੂੰ ਤਰੰਨਮ ਵਿੱਚ ਜਾਂ ਉਚਾਰ ਕੇ ਪੇਸ਼ ਕੀਤਾ ਪਰ ਸੰਜੀਦਾ ਕਾਵਿ ਦੇ ਰੰਗ ਵੀ ਵਿੱਚ ਝਲਕਦੇ ਰਹੇ।

ਬਠਿੰਡਾ ਅਤੇ ਇਸ ਦੇ ਆਸ ਪਾਸ ਇਲਾਕੇ ਦੀਆਂ ਜਾਣੀਆਂ ਪਛਾਣੀਆਂ ਹਸਤੀਆਂ, ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਅਹੁਦੇਦਾਰ ਅਤੇ ਮੈਂਬਰ, ਲਛਮਣ ਸਿੰਘ ਮਲੂਕਾ ਸਕੱਤਰ ਟੀਚਰਜ਼ ਹੋਮ,ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਅਹੁਦੇਦਾਰ ਅਤੇ ਮੈਂਬਰ ਰਣਜੀਤ ਗੌਰਵ ਸਕੱਤਰ,ਰਣਬੀਰ ਰਾਣਾ, ਦਮਜੀਤ ਦਰਸ਼ਨ, ਪ੍ਰਿੰ. ਜਸਬੀਰ ਢਿਲੋਂ, ਭਬਾਨੀ ਸ਼ੰਕਰ ਗਰਗ ਬਰੇਟਾ, ਪ੍ਰਿ. ਦਰਸ਼ਨ ਸਿੰਘ ਬਰੇਟਾ, ਮਹਿੰਦਰ ਪਾਲ ਬਰੇਟਾ, ਅਰਸ਼ਪ੍ਰੀਤ ਕੌਰ, ਤੇਜਿੰਦਰ ਚੰਡਿਓਕ ਬਰਨਾਲਾ, ਮਨਦੀਪ ਕੁਮਾਰ ਸੀ.ਫਾਰਮੇਸੀ ਅਫੀਸਰ,ਮਹੇਸ਼ ਕੁਮਾਰ ਸੀ. ਫਾਰਮੈਸੀ ਅਫੀਸਰ, ਜਸਵੰਤ ਸਿੰਘ ਜੱਸ, ਚਰਨਜੀਤ ਸ਼ਰਮਾ, ਮੁਕੰਦ ਸਿੰਘ ਕੋਟਭਾਈ ਦੀ ਹਾਜ਼ਰੀ ਇਸ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀ ਸੀ। ਅੰਤ ਵਿੱਚ ਸੁਖਦਰਸ਼ਨ ਗਰਗ ਨੇ ਸਾਰੇ ਆਏ ਮਹਿਮਾਨਾਂ ਦਾ ਅਦਬੀ ਸ਼ਬਦਾਂ ਨਾਲ ਧੰਨਵਾਦ



ਕੀਤਾ। ਬਹੁਤ ਹੀ ਬੱਝਵੇਂ ਢੰਗ ਅਤੇ ਖੂਬਸੂਰਤ ਸ਼ਬਦਾਂ ਦੀ ਗੋਂਦ ਨਾਲ ਜਗਦੀਸ਼ ਕੁਲਰੀਆਂ ਨੇ ਸਟੇਜ ਸੰਚਾਲਨ ਕੀਤਾ। ਸੁਖਦੇਵ ਰਾਮ ਭੋਲਾ, ਕਾਲਾ ਸਰਾਵਾਂ ਅਤੇ ਅਮਿਤ ਬਾਂਸਲ, ਆਦਿ ਨੇ ਲੰਗਰ ਦੀ ਸੇਵਾ ਤਨਦੇਹੀ ਨਾਲ ਕਰਦਿਆਂ ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ।

**ਮੰਗਤ ਕੁਲਜਿੰਦ**
+91 94177-53892
**ਵੱਟਸਐਪ** +1 425 286 0163

◆◆◆